ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
# ਆਵਾਜ਼ਿ ਕੌਮ
Awaze Qaum
(ਯੂ. ਕੇ. ਤੋਂ ਪ੍ਰਕਾਸ਼ਿਤ)
International Daily Newspaper & WEB TV
www.awazeqaumtv.com
Also On
Visit on facebook
https://www.facebook.com/awazeqaumtv/videos/1948995821245311/
YouTube https://youtu.be/LQwolgxDu7I
awazeqaumtvpunjab@gmail.com
ਵੀਰਵਾਰ, 8 ਮਈ 2025 (ਨਾਨਕਸ਼ਾਹੀ ਸੰਮਤ : ੫੫੭, ੨੬ ਵੇਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪਾਕਿਸਤਾਨ ਵੱਲੋਂ ਭਾਰਤ ਦੇ ਜਹਾਜ਼ ਡੇਗਣ ਦਾ ਦਾਅਵਾ

**ਸ੍ਰੀਨਗਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਜੀਓ ਟੀਵੀ ਨੂੰ ਦੱਸਿਆ ਕਿ ਭਾਰਤ ਨੇ ਆਪਣੀ ਹਵਾਈ ਸਰਹੱਦ ਤੋਂ ਪਾਕਿਸਤਾਨ 'ਤੇ ਮਿਜ਼ਾਈਲ ਹਮਲੇ ਕੀਤੇ ਹਨ ਜੋ ਨਾਗਰਿਕ ਖੇਤਰਾਂ 'ਤੇ ਡਿੱਗੇ। ਇਸ ਦੇ ਨਾਲ ਹੀ ਪਾਕਿਸਤਾਨੀ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨੀ ਫੌਜ ਨੇ 6 ਭਾਰਤੀ ਲੜਾਕੂ ਜਹਾਜ਼ਾਂ ਨੂੰ ਮਾਰ ਸੁੱਟਿਆ। ਇਨ੍ਹਾਂ ਵਿੱਚ 3 ਰਾਫੇਲ, 2 ਮਿਗ-29 ਤੇ ਇੱਕ ਸੁਖੋਈ ਸ਼ਾਮਲ ਹਨ। ਕੰਟਰੋਲ ਰੇਖਾ ਦੇ ਨੇੜੇ ਭਾਰਤੀ ਚੌਕੀਆਂ ਨੂੰ ਵੀ ਤਬਾਹ ਕਰ ਦਿੱਤਾ ਗਿਆ ਹੈ। ਪਾਕਿਸਤਾਨ ਵੱਲੋਂ ਹਮਲੇ ਦੇ ਸਥਾਨਾਂ ਤੇ ਮੌਤਾਂ ਦੀ ਵੱਖ-ਵੱਖ ਗਿਣਤੀ ਦੱਸੀ ਜਾ ਰਹੀ ਹੈ। ਪਾਕਿਸਤਾਨ ਨੇ ਕਿਹਾ ਕਿ ਸਵੇਰੇ 2 ਵਜੇ 5 ਥਾਵਾਂ 'ਤੇ ਹਮਲੇ ਹੋਏ ਤੇ 3 ਲੋਕਾਂ ਦੀ ਮੌਤ ਹੋ ਗਈ। 3 ਘੰਟੇ ਬਾਅਦ ਯਾਨੀ ਸਵੇਰੇ 5 ਵਜੇ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਦੇ ਡਾਇਰੈਕਟਰ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ 'ਭਾਰਤ ਨੇ 6 ਇਲਾਕਿਆਂ ਵਿੱਚ 24 ਮਿਜ਼ਾਈਲਾਂ ਦਾਗੀਆਂ। ਇਸ ਵਿੱਚ 8 ਨਾਗਰਿਕ ਮਾਰੇ ਗਏ, 35 ਜ਼ਖਮੀ ਹੋਏ ਤੇ 2 ਲਾਪਤਾ ਹਨ।' ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ 'ਇਹ ਸ਼ਰਮਨਾਕ ਹੈ। ਮੈਨੂੰ ਲੱਗਦਾ ਹੈ ਕਿ ਲੋਕ ਜਾਣਦੇ ਸਨ ਕਿ ਕੁਝ ਹੋਣ ਵਾਲਾ ਹੈ। ਉਹ ਲੰਬੇ ਸਮੇਂ ਤੋਂ ਲੜ ਰਹੇ ਹਨ। ਜੇ ਤੁਸੀਂ ਇਸ ਬਾਰੇ ਸੋਚੋ ਤਾਂ ਉਹ ਕਈ ਦਹਾਕਿਆਂ ਤੇ ਸਦੀਆਂ ਤੋਂ ਲੜ ਰਹੇ ਹਨ। ਮੈਨੂੰ ਉਮੀਦ ਹੈ ਕਿ ਇਹ ਜਲਦੀ ਹੀ ਖਤਮ ਹੋ ਜਾਵੇਗਾ।' ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ 7 ਮਈ ਨੂੰ ਪਾਕਿਸਤਾਨ 'ਤੇ ਭਾਰਤ ਦੇ ਹਵਾਈ ਹਮਲੇ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਦੀ ਫੌਜੀ ਕਾਰਵਾਈ ਮੰਦਭਾਗੀ ਹੈ।

## ਪਾਕਿਸਤਾਨ ਫੌਜ ਦਾ ਸ਼ਰਮਨਾਕ ਕਾਰਾ, ਗੁਰੂ ਘਰ ਨੂੰ ਬਣਾਇਆ ਨਿਸ਼ਾਨਾ

# 3 ਨਿਰਦੋਸ਼ ਗੁਰਸਿੱਖਾਂ ਦੀ ਹੋਈ ਮੌਤ

**ਸ੍ਰੀਨਗਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨੀ ਫੌਜ ਨੇ ਕੰਟਰੋਲ ਰੇਖਾ ਅਤੇ ਅੰਤਰਰਾਸ਼ਟਰੀ ਸਰਹੱਦ 'ਤੇ ਅੰਨ੍ਹੇਵਾਹ ਗੋਲੀਬਾਰੀ ਕੀਤੀ, ਜਿਸ ਵਿੱਚ 10 ਨਾਗਰਿਕ ਮਾਰੇ ਗਏ ਤੇ 33 ਜ਼ਖਮੀ ਹੋ ਗਏ। ਭਾਰਤੀ ਫੌਜ ਨੇ ਪਾਕਿਸਤਾਨੀ ਫੌਜ ਨੂੰ ਢੁਕਵਾਂ ਜਵਾਬ ਦਿੱਤਾ ਹੈ। ਇਸ ਦੌਰਾਨ ਪਾਕਿਸਤਾਨ ਫੌਜ ਵਿੱਚ ਪੁੰਛ ਦੇ ਪਵਿੱਤਰ ਕੇਂਦਰੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਜਿਸ ਤੋਂ ਬਾਅਦ 3 ਗੁਰਸਿੱਖਾਂ ਦੀ ਮੌਤ ਹੋ ਗਈ। ਇਸ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ ਤਸਵੀਰਾਂ ਸਾਂਝੀਆਂ ਕਰਦਿਆਂ ਸੋਸ਼ਲ ਮੀਡੀਆ ਉੱਤੇ ਲਿਖਿਆ, ਪਾਕਿਸਤਾਨੀ ਫੌਜਾਂ ਵੱਲੋਂ ਪੁੰਛ ਦੇ ਪਵਿੱਤਰ ਕੇਂਦਰੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ 'ਤੇ ਕੀਤੇ ਗਏ ਅਣਮਨੁੱਖੀ ਹਮਲੇ ਦੀ ਸਖ਼ਤ ਨਿੰਦਾ ਕਰਦਾ ਹਾਂ, ਜਿਸ ਵਿੱਚ ਤਿੰਨ ਨਿਰਦੋਸ਼ ਗੁਰਸਿੱਖ, ਜਿਨ੍ਹਾਂ ਵਿੱਚ ਭਾਈ ਅਮਰੀਕ ਸਿੰਘ ਜੀ (ਇੱਕ ਰਾਗੀ ਸਿੰਘ), ਭਾਈ ਅਮਰਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਸ਼ਾਮਲ ਸਨ, ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਸ਼੍ਰੋਮਣੀ ਅਕਾਲੀ ਦਲ ਮ੍ਰਿਤਕ



ਗੁਰਸਿੱਖਾਂ ਦੇ ਪਰਿਵਾਰਾਂ ਨਾਲ ਪੂਰੀ ਏਕਤਾ ਦਾ ਪ੍ਰਗਟਾਵਾ ਕਰਦਾ ਹੈ, ਗੁਰੂ ਸਾਹਿਬ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰਾਂ ਤੇ ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਅਸੀਂ ਮੰਗ ਕਰਦੇ ਹਾਂ ਕਿ ਸ਼ਹੀਦਾਂ ਨੂੰ ਉਨ੍ਹਾਂ ਦੀ ਕੁਰਬਾਨੀ ਲਈ ਸਨਮਾਨਿਤ ਕੀਤਾ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਉਨ੍ਹਾਂ ਦੇ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੀ ਮੱਦਦ ਲਈ ਢੁਕਵਾਂ ਮੁਆਵਜ਼ਾ ਮਿਲੇ। ਸਿੱਖ ਹਮੇਸ਼ਾ ਦੇਸ਼ ਦੀ ਰਾਖੀ ਲਈ ਤਲਵਾਰ ਬਣਕੇ ਰਹੇ ਹਨ, ਅਤੇ ਬਣੇ ਰਹਿਣਗੇ। ਅਸੀਂ ਆਪਣੀਆਂ ਹਥਿਆਰਬੰਦ ਫੌਜਾਂ ਨਾਲ ਚੱਟਾਨ ਵਾਂਗ ਖੜ੍ਹੇ ਹਾਂ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਸਾਡਾ ਦੇਸ਼ ਸ਼ਾਂਤੀ ਵਿੱਚ ਵਿਸ਼ਵਾਸ਼ ਰੱਖਦੇ ਹਨ, ਜੇਕਰ ਸਾਡੇ ਸਨਮਾਨ ਨੂੰ ਦੁਸ਼ਮਣ ਦੁਆਰਾ ਚੁਣੌਤੀ ਦਿੱਤੀ ਜਾਂਦੀ ਹੈ, ਤਾਂ ਅਸੀਂ ਆਪਣੇ ਦੇਸ਼ ਭਗਤੀ ਦੇ ਫਰਜ਼ਾਂ ਨੂੰ ਪੂਰਾ ਕਰਨ ਲਈ ਹਰ ਹੀਲਾ ਵਰਤਾਂਗੇ।

## ਐਡਵੋਕੇਟ ਧਾਮੀ ਨੇ ਪੁੰਛ 'ਚ ਗੁਰਦੁਆਰੇ 'ਤੇ ਹਮਲੇ ਨੂੰ ਦੁਖਦਾਈ ਕਰਾਰ ਦਿੱਤਾ

**ਅੰਮ੍ਰਿਤਸਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਪੈਦਾ ਹੋਏ ਤਣਾਅ ਤੋਂ ਬਾਅਦ ਕਸ਼ਮੀਰ ਦੇ ਪੁੰਛ ਇਲਾਕੇ 'ਚ ਗੁਰਦੁਆਰਾ ਸਾਹਿਬ 'ਤੇ ਕੀਤੇ ਗਏ ਹਮਲੇ ਨੂੰ ਦੁਖ਼ਦਾਈ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਸ਼ਮੀਰ ਅੰਦਰ ਹਮਲੇ ਦੌਰਾਨ ਮਾਰੇ ਗਏ 4 ਸਿੱਖਾਂ ਪ੍ਰਤੀ ਵੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਇਸ ਪੀੜਾਮਈ ਘਟਨਾ ਨੇ ਸਿੱਖ ਜਗਤ ਨੂੰ ਡੂੰਘੇ ਜ਼ਖ਼ਮ ਦਿੱਤੇ ਹਨ। ਐਡਵੋਕੇਟ ਧਾਮੀ ਨੇ ਹਮਲੇ ਦੌਰਾਨ ਚਲਾਣਾ ਕਰ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ। ਉਨ੍ਹਾਂ ਕਿਹਾ ਕਿ ਇਸ ਦੁਖਦਾਈ ਸਮੇਂ 'ਚ ਸ਼੍ਰੋਮਣੀ ਕਮੇਟੀ ਪੀੜਤ ਪਰਿਵਾਰਾਂ ਦੇ ਨਾਲ ਖੜ੍ਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਖ਼ਤ



ਸ਼ਬਦਾਂ 'ਚ ਨਿੰਦਾ ਕਰਦੇ ਹੋਏ ਡੂੰਘੇ ਦੁੱਖ਼ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਕਿਸਤਾਨੀ ਫ਼ੌਜਾਂ ਵੱਲੋਂ ਪੁੰਛ ਦੇ ਪਵਿੱਤਰ ਕੇਂਦਰੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ 'ਤੇ ਕੀਤੇ ਗਏ ਅਣਮਨੁੱਖੀ ਹਮਲੇ ਦੀ ਸਖ਼ਤ ਨਿੰਦਾ ਕਰਦਾ ਹਾਂ, ਜਿਸ ਵਿੱਚ ਤਿੰਨ ਨਿਰਦੋਸ਼ ਗੁਰਸਿੱਖ, ਜਿਨ੍ਹਾਂ ਵਿੱਚ ਭਾਈ ਅਮਰੀਕ ਸਿੰਘ ਜੀ (ਇਕ ਰਾਗੀ ਸਿੰਘ), ਭਾਈ ਅਮਰਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਸ਼ਾਮਲ ਸਨ, ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਮ੍ਰਿਤਕ ਗੁਰਸਿੱਖਾਂ ਦੇ ਪਰਿਵਾਰਾਂ ਨਾਲ ਪੂਰੀ ਏਕਤਾ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਸਾਹਿਬ ਵਿੱਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰਾਂ ਤੇ ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਅਸੀਂ ਮੰਗ ਕਰਦੇ ਹਾਂ ਕਿ ਸ਼ਹੀਦਾਂ ਨੂੰ ਉਨ੍ਹਾਂ ਦੀ ਕੁਰਬਾਨੀ ਲਈ ਸਨਮਾਨਤ ਕੀਤਾ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਉਨ੍ਹਾਂ ਦੇ ਦੁੱਖ਼ ਦੀ ਘੜੀ ਵਿੱਚ ਉਨ੍ਹਾਂ ਦੀ ਮਦਦ ਲਈ ਢੁੱਕਵਾਂ ਮੁਆਵਜ਼ਾ ਮਿਲੇ।

## ਪਾਕਿਸਤਾਨ ਵੱਲੋਂ ਐਲਓਸੀ 'ਤੇ ਤਾਬੜਤੋੜ ਗੋਲਾਬਾਰੀ, 7 ਭਾਰਤੀ ਹਲਾਕ, 50 ਤੋਂ ਵੱਧ ਜ਼ਖਮੀ

**ਸ੍ਰੀਨਗਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਉਪਰ ਭਾਰਤੀ ਫੌਜ ਵੱਲੋਂ ਕੀਤੇ ਮਜਾਇਲ ਹਮਲੇ ਮਗਰੋਂ ਸਰਹੱਦ ਉਪਰ ਤਣਾਅ ਵਧ ਗਿਆ ਹੈ। ਪਾਕਿਸਤਾਨੀ ਰੇਂਜਰਾਂ ਵੱਲੋਂ ਜੰਮੂ-ਕਸ਼ਮੀਰ ਵਿੱਚ 6 ਤੇ 7 ਮਈ ਦੀ ਰਾਤ ਨੂੰ ਤਾਬੜਤੋੜ ਫਾਇਰਿੰਗ ਕੀਤੀ ਗਈ। ਪਾਕਿਸਤਾਨੀ ਫੌਜ ਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਤੇ ਅੰਤਰਰਾਸ਼ਟਰੀ ਸਰਹੱਦ 'ਤੇ ਚੌਕੀਆਂ ਤੋਂ ਤੋਪਾਂ ਨਾਲ ਗੋਲੇ ਵਰ੍ਹਾਏ। ਪਾਕਿਸਤਾਨ ਵੱਲੋਂ ਕੀਤੀ ਗਈ ਫਾਇਰਿੰਗ ਵਿੱਚ ਸੱਤ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ। ਸੂਤਰਾਂ ਮੁਤਾਬਕ ਪਾਕਿਸਤਾਨੀ ਫੌਜ ਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਨੇੜੇ ਰਾਤ ਭਰ



ਦਰਜਨਾਂ ਪਿੰਡਾਂ 'ਤੇ ਅੰਨ੍ਹੇਵਾਹ ਫਾਇਰਿੰਗ ਕੀਤੀ, ਜਿਸ ਵਿੱਚ ਇੱਕ ਔਰਤ ਤੇ ਦੋ ਬੱਚਿਆਂ ਸਮੇਤ ਸੱਤ ਲੋਕ ਮਾਰੇ ਗਏ ਤੇ ਲਗਭਗ 50 ਲੋਕ ਜ਼ਖਮੀ ਹੋ ਗਏ। ਸਾਰੀਆਂ ਸੱਤ ਮੌਤਾਂ ਪੁਣਛ ਵਿੱਚ ਹੋਈਆਂ ਹਨ। ਪੁਣਛ ਜ਼ਿਲ੍ਹਾ ਗੋਲੀਬਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਪਾਕਿਸਤਾਨੀ ਫੌਜ ਨੇ ਪੁਣਛ, ਰਾਜੌਰੀ ਤੇ ਉੜੀ ਵਿੱਚ ਗੋਲੀਬਾਰੀ ਕੀਤੀ ਹੈ। ਗੋਲੀਬਾਰੀ ਵਿੱਚ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਕਈ ਵਾਹਨ ਸਾੜ ਦਿੱਤੇ ਗਏ। ਪਾਕਿਸਤਾਨੀ ਫੌਜ ਨੇ ਉੱਤਰੀ ਕਸ਼ਮੀਰ ਦੇ ਤੰਗਧਾਰ ਵਿੱਚ ਕੰਟਰੋਲ ਰੇਖਾ ਦੇ ਨੇੜੇ ਆਮ ਕਸ਼ਮੀਰੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ। ਤੋਪਖਾਨੇ ਦੀ ਗੋਲੀਬਾਰੀ ਵਿੱਚ ਇੱਕ ਕਸ਼ਮੀਰੀ ਨਾਗਰਿਕ ਦਾ ਪੂਰਾ ਘਰ ਸੜ ਕੇ ਸੁਆਹ ਹੋ ਗਿਆ। ਰੱਖਿਆ ਸੂਤਰਾਂ ਨੇ ਬੁੱਧਵਾਰ ਨੂੰ ਦੱਸਿਆ ਕਿ ਭਾਰਤ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਜਾਣ ਤੋਂ ਬਾਅਦ ਪਾਕਿਸਤਾਨੀ ਫੌਜ ਨੇ ਜੰਗਬੰਦੀ ਦੀ ਉਲੰਘਣਾ ਕੀਤੀ। ਭਾਰਤੀ ਫੌਜ ਨੇ ਵੀ ਇਸ ਦਾ ਜਵਾਬ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਪੁਣਛ ਵਿੱਚ ਹੋਈ ਗੋਲੀਬਾਰੀ ਵਿੱਚ ਮਾਰੇ ਗਏ ਨਾਗਰਿਕਾਂ ਵਿੱਚ ਇੱਕ ਔਰਤ ਵੀ ਸ਼ਾਮਲ ਹੈ। ਮ੍ਰਿਤਕ ਔਰਤ ਦਾ ਘਰ ਪੁਣਛ ਜ਼ਿਲ੍ਹੇ ਦੇ ਮਨਕੋਟ ਖੇਤਰ ਵਿੱਚ ਮੋਰਟਾਰ ਸ਼ੈੱਲ ਦੀ ਲਿਪੇਟ ਵਿੱਚ ਆ ਗਿਆ। ਉਸ ਦੀ 13 ਸਾਲ ਦੀ ਧੀ ਜ਼ਖਮੀ ਹੋ ਗਈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੀ ਗਈ ਭਾਰੀ ਗੋਲੀਬਾਰੀ ਵਿੱਚ ਪੁਣਛ ਦੇ ਵੱਖ-ਵੱਖ ਸੈਕਟਰਾਂ ਵਿੱਚ 12 ਹੋਰ ਨਾਗਰਿਕ ਵੀ ਜ਼ਖਮੀ ਹੋਏ ਹਨ, ਜਿਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪਾਕਿਸਤਾਨੀ ਗੋਲਾਬਾਰੀ ਕਾਰਨ ਰਾਜੌਰੀ ਦੇ ਥਾਂਡੀਕਾਸੀ ਵਿੱਚ ਦੋ ਔਰਤਾਂ ਸਮੇਤ ਚਾਰ ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਇਸ ਦੇ ਨਾਲ ਹੀ ਮੰਗਲਵਾਰ ਤੇ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ ਉੜੀ ਸੈਕਟਰ ਵਿੱਚ ਪਾਕਿਸਤਾਨੀ ਫੌਜ ਵੱਲੋਂ ਭਾਰੀ ਗੋਲਾਬਾਰੀ ਕੀਤੀ ਗਈ। ਇਸ ਗੋਲੀਬਾਰੀ ਵਿੱਚ ਤਿੰਨ ਬੱਚਿਆਂ ਸਮੇਤ ਘੱਟੋ-ਘੱਟ ਦਸ ਨਾਗਰਿਕ ਜ਼ਖਮੀ ਹੋ ਗਏ ਤੇ ਕਈ ਘਰਾਂ ਨੂੰ ਨੁਕਸਾਨ ਪਹੁੰਚਿਆ। ਸਥਾਨਕ ਸੂਤਰਾਂ ਨੇ ਦੱਸਿਆ ਕਿ ਉੜੀ ਦੇ ਸਲਾਮਾਬਾਦ ਦੇ ਨੌਪੋਰਾ ਤੇ ਕਲਗੇ ਇਲਾਕਿਆਂ ਨੂੰ ਨਿਸ਼ਾਨਾ ਬਣਾ ਕੇ ਗੋਲਾਬਾਰੀ ਕੀਤੀ ਗਈ, ਜਿਸ ਕਾਰਨ ਕਈ ਘਰਾਂ ਨੂੰ ਨੁਕਸਾਨ ਪਹੁੰਚਿਆ ਤੇ ਦਹਿਸ਼ਤ ਫੈਲ ਗਈ। ਉਨ੍ਹਾਂ ਕਿਹਾ ਕਿ ਨੌਂ ਜ਼ਖਮੀ ਨਾਗਰਿਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

## 'ਕਾਸ਼ ਮੈ ਵੀ ਮਾਰ ਜਾਂਦਾ', ਆਪਣੇ ਪਰਿਵਾਰ ਦੇ 14 ਮੈਂਬਰਾਂ ਦੀ ਮੌਤ 'ਤੇ ਫੁੱਟ-ਫੁੱਟ ਕੇ ਰੋਇਆ ਅੱਤਵਾਦੀ ਮਸੂਦ ਅਜ਼ਹਰ

**ਇਸਲਾਮਾਬਾਦ, 7 ਮਈ (ਆਵਾਜ਼ਿ ਕੌਮ ਬਿਊਰੋ)**-ਪਹਿਲਗਾਮ ਅੱਤਵਾਦੀ ਹਮਲੇ ਦਾ ਬਦਲਾ ਲੈਂਦੇ ਹੋਏ, ਭਾਰਤੀ ਫੌਜ ਨੇ ਪਾਕਿਸਤਾਨ ਤੇ ਪੀਓਕੇ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਆਪ੍ਰੇਸ਼ਨ ਸਿੰਦੂਰ ਤਹਿਤ ਕੀਤੀ ਗਈ ਇਸ ਕਾਰਵਾਈ ਵਿੱਚ ਮੋਸਟ ਵਾਂਟੇਡ ਅੱਤਵਾਦੀ ਮਸੂਦ ਅਜ਼ਹਰ ਦੇ ਪਰਿਵਾਰ ਦੇ 14 ਮੈਂਬਰ ਵੀ ਮਾਰੇ ਗਏ ਹਨ। ਅੱਤਵਾਦੀ ਮਸੂਦ ਅਜ਼ਹਰ ਨੇ ਇੱਕ ਪੱਤਰ ਜਾਰੀ ਕਰਕੇ ਕਿਹਾ ਕਿ ਦਿਲ ਕਰਦਾ ਹੈ ਕਿ ਕਾਸ਼ ਉਹ ਵੀ ਇਸ ਹਮਲੇ ਵਿੱਚ ਮਰ ਜਾਂਦਾ। ਜ਼ਿਕਰ ਕਰ ਦਈਏ ਕਿ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲੇ



ਵਿੱਚ ਅੱਤਵਾਦੀ ਅਤੇ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦੇ ਪਰਿਵਾਰ ਦੇ 14 ਮੈਂਬਰ ਮਾਰੇ ਗਏ ਹਨ। ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਨੇ ਖੁਦ ਇਸ ਦੀ ਪੁਸ਼ਟੀ ਕੀਤੀ ਤੇ ਕਿਹਾ ਕਿ ਭਾਰਤੀ ਹਮਲੇ ਵਿੱਚ ਉਸਦੇ ਪਰਿਵਾਰ ਦੇ 10 ਮੈਂਬਰ ਅਤੇ ਚਾਰ ਨਜ਼ਦੀਕੀ ਸਾਥੀ ਮਾਰੇ ਗਏ ਹਨ। ਇਸ ਹਮਲੇ ਤੋਂ ਬਾਅਦ ਮਸੂਦ ਅਜ਼ਹਰ ਨੇ ਕਿਹਾ ਕਿ ਇਸ ਹਮਲੇ ਵਿੱਚ ਮੈਂ ਵੀ ਮਾਰਿਆ ਜਾਂਦਾ ਤਾਂ ਚੰਗਾ ਹੁੰਦਾ। ਜੈਸ਼-ਏ-ਮੁਹੰਮਦ ਨੇ ਇੱਕ ਬਿਆਨ ਵਿੱਚ ਕਿਹਾ, "ਮੌਲਾਨਾ ਕਸ਼ਫ਼ ਦਾ ਪੂਰਾ ਪਰਿਵਾਰ, ਮੌਲਾਨਾ ਮਸੂਦ ਅਜ਼ਹਰ ਦੀ ਵੱਡੀ ਭੈਣ ਸਮੇਤ, ਮਾਰਿਆ ਗਿਆ ਹੈ ਤੇ ਮੁਫਤੀ ਅਬਦੁਲ ਰਊਫ ਦੇ ਪੋਤੇ-ਪੋਤੀਆਂ, ਬਾਜੀ ਸਦੀਆ ਦਾ ਪਤੀ ਅਤੇ ਉਸਦੀ ਵੱਡੀ ਧੀ ਦੇ ਚਾਰ ਬੱਚੇ ਜ਼ਖਮੀ ਹੋ ਗਏ ਹਨ। ਜ਼ਿਆਦਾਤਰ ਔਰਤਾਂ ਅਤੇ ਬੱਚੇ ਮਾਰੇ ਗਏ ਹਨ।" ਹਵਾਈ ਹਮਲੇ ਵਿੱਚ ਮਾਰੇ ਗਏ ਅਜ਼ਹਰ ਦੇ ਪਰਿਵਾਰਕ ਮੈਂਬਰਾਂ ਅਤੇ ਨਜ਼ਦੀਕੀਆਂ ਨੂੰ ਅੱਜ ਦਫ਼ਨਾ ਦਿੱਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਬੀਤੀ ਦੇਰ ਰਾਤ ਭਾਰਤੀ ਹਥਿਆਰਬੰਦ ਬਲਾਂ ਨੇ ਜੈਸ਼-ਏ-ਮੁਹੰਮਦ ਦੇ ਗੜ੍ਹ ਪੰਜਾਬ ਦੇ ਬਹਾਵਲਪੁਰ ਸਮੇਤ ਨੌਂ ਅੱਤਵਾਦੀ ਟਿਕਾਣਿਆਂ 'ਤੇ ਸਟੀਕ ਮਿਜ਼ਾਈਲ ਹਮਲੇ ਕੀਤੇ। ਰੱਖਿਆ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, "ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਵਿੱਚ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਜਿੱਥੋਂ ਭਾਰਤ ਵਿਰੁੱਧ ਅੱਤਵਾਦੀ ਹਮਲਿਆਂ ਦੀ ਯੋਜਨਾ ਬਣਾਈ ਜਾਂਦੀ ਸੀ ਅਤੇ ਨਿਰਦੇਸ਼ਿਤ ਕੀਤਾ ਜਾਂਦਾ ਸੀ। ਕੁੱਲ ਮਿਲਾ ਕੇ ਨੌਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ।"

## ਬੀਬੀਐਮਬੀ ਦੀ ਪਟੀਸ਼ਨ 'ਤੇ ਹਾਈ ਕੋਰਟ ਦਾ ਫੈਸਲਾ, ਕਿਹਾ-ਡੈਮ ਤੋਂ ਹਟਾਈ ਜਾਵੇ ਪੰਜਾਬ ਪੁਲਿਸ, 2 ਮਈ ਵਾਲੇ ਹੁਕਮਾਂ ਨੂੰ ਮੰਨੇ ਪੰਜਾਬ

**ਚੰਡੀਗੜ੍ਹ, 7 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ-ਪੰਜਾਬ ਜਲ ਵਿਵਾਦ ਵਿੱਚ ਭਾਖੜਾ ਨੰਗਲ ਬਿਆਸ ਬੋਰਡ ਦੀ ਪਟੀਸ਼ਨ 'ਤੇ ਆਪਣਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਭਾਖੜਾ ਨੰਗਲ ਡੈਮ ਤੇ ਲੋਹਾਰ ਕੰਟਰੋਲ ਰੂਮ ਜਲ ਰੈਗੂਲੇਸ਼ਨ ਦਫਤਰਾਂ ਵਿੱਚ ਤਾਇਨਾਤ ਪੁਲਿਸ ਮੁਲਾਜ਼ਮਾਂ ਨੂੰ ਰੋਜ਼ਾਨਾ ਦੇ ਕੰਮ ਤੋਂ ਦੂਰ ਰੱਖਣਾ ਚਾਹੀਦਾ ਹੈ। ਇਸ ਦੇ ਨਾਲ ਹੀ ਕੇਂਦਰੀ ਗ੍ਰਹਿ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਦਿੱਤੇ



ਗਏ ਹੁਕਮਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਹਾਲਾਂਕਿ, ਜੇ ਪੰਜਾਬ ਭਾਖੜਾ ਡੈਮ 'ਤੇ ਪੁਲਿਸ ਸੁਰੱਖਿਆ ਵਧਾਉਣਾ ਚਾਹੁੰਦਾ ਹੈ, ਤਾਂ ਉਹ ਅਜਿਹਾ ਕਰ ਸਕਦਾ ਹੈ, ਪਰ ਇਹ ਸੰਚਾਲਨ ਪ੍ਰਣਾਲੀ ਵਿੱਚ ਦਖਲ ਨਹੀਂ ਦੇਵੇਗਾ। ਪੰਜਾਬ ਸਰਕਾਰ ਨੂੰ ਵੀ 2 ਮਈ ਨੂੰ ਕੇਂਦਰੀ ਗ੍ਰਹਿ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਦਿੱਤੇ ਗਏ ਹੁਕਮਾਂ ਦੀ ਪਾਲਣਾ ਕਰਨੀ ਪਵੇਗੀ। ਪੰਜਾਬ ਹਰਿਆਣਾ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਜੇ ਪੰਜਾਬ ਬੀਬੀਐਮਬੀ ਦੇ ਹੁਕਮਾਂ ਨਾਲ ਸਹਿਮਤ ਨਹੀਂ ਹੈ, ਤਾਂ ਉਹ ਬੀਬੀਐਮਬੀ ਦੇ ਚੇਅਰਮੈਨ ਰਾਹੀਂ ਕੇਂਦਰ ਸਰਕਾਰ ਸਾਹਮਣੇ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ। ਹਰਿਆਣਾ ਅਤੇ ਪੰਜਾਬ ਵਿਚਕਾਰ ਪਾਣੀ ਵਿਵਾਦ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲਗਾਤਾਰ ਦੂਜੇ ਦਿਨ ਸੁਣਵਾਈ ਹੋਈ। ਅਦਾਲਤ ਨੇ 45 ਮਿੰਟ ਦੀ ਬਹਿਸ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਚੀਫ਼ ਜਸਟਿਸ ਸ਼ਿਲੂ ਨਾਗੂ ਨੇ ਕਿਹਾ ਸੀ ਕਿ ਮਾਮਲਾ ਐਮਰਜੈਂਸੀ ਸਥਿਤੀ ਵਿੱਚ ਹੈ ਅਤੇ ਫੈਸਲਾ ਅੱਜ ਹੀ ਦਿੱਤਾ ਜਾਵੇਗਾ। ਇਸ ਤੋਂ ਬਾਅਦ ਦੂਜੇ ਦਿਨ ਅਦਾਲਤ ਦਾ ਫੈਸਲਾ ਆਇਆ। ਸੁਣਵਾਈ ਦੌਰਾਨ ਬੀਬੀਐਮਬੀ ਦੇ ਵਕੀਲ ਨੇ ਕਿਹਾ ਸੀ ਕਿ ਪੰਜਾਬ ਪੁਲਿਸ ਬੀਬੀਐਮਬੀ ਦੇ ਕੰਮਕਾਜ ਨੂੰ ਨਹੀਂ ਰੋਕ ਸਕਦੀ। ਇਹ ਮੰਦਭਾਗਾ ਹੈ ਕਿ ਪੰਜਾਬ ਪੁਲਿਸ ਨੇ ਬੀਬੀਐਮਬੀ ਦੇ ਕਾਰਜਾਂ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਹੈ। ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਵੀ ਬੰਨ੍ਹ 'ਤੇ ਤਾਇਨਾਤ ਕੀਤਾ ਗਿਆ ਹੈ। ਪਾਣੀ ਦੇ ਵਿਵਾਦ ਸਬੰਧੀ ਪੰਜਾਬ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਹੋਇਆ। ਇਸ ਵਿੱਚ ਸੀਐਮ ਭਗਵੰਤ ਮਾਨ ਨੇ ਕਿਹਾ ਸੀ ਕਿ ਅਸੀਂ ਹੁਣ ਜੋ ਵਾਧੂ ਪਾਣੀ ਹਰਿਆਣਾ ਨੂੰ ਹੁਣੇ ਦੇ ਰਹੇ ਹਾਂ, ਭਵਿੱਖ ਵਿੱਚ ਇਹ ਨਹੀਂ ਮਿਲੇਗਾ। ਮੁੱਖ ਮੰਤਰੀ ਨਾਇਬ ਸੈਣੀ ਦੇ ਇਸ ਦੋਸ਼ 'ਤੇ ਕਿ ਹਰਿਆਣਾ ਦੀ ਪਾਣੀ ਦੀ ਸਪਲਾਈ ਰੋਕੀ ਜਾ ਰਹੀ ਹੈ ਅਤੇ ਪਾਣੀ ਪਾਕਿਸਤਾਨ ਜਾ ਰਿਹਾ ਹੈ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਾਣੀ ਦੀ ਇੱਕ ਬੂੰਦ ਵੀ ਪਾਕਿਸਤਾਨ ਨਹੀਂ ਜਾ ਰਹੀ।

# Nankana Sahib Yatra Committe Uk



# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223









# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for **AWAZE QAUM** Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ

# 2 ਜੂਨ ਨੂੰ ਪਿੰਡ ਰੋਡੇ ਪਹੁੰਚੋ



ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ

ਆਵਾਜ਼ਿ ਕੌਮ AWAZE QAUM
International Newspaper & WEB TV



ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)

### ਅਕਾਲ ਯੂਨੀਵਰਸਿਟੀ ਵਿਚ ਬੜੇ ਉਤਸ਼ਾਹ ਨਾਲ

# ਗੁਰਮਤਿ ਸਮਾਗਮ ਦਾ ਆਯੋਜਨ ਹੋਇਆ





**ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)-** ਅਕਾਲ ਯੂਨੀਵਰਸਿਟੀ ਅਕਾਦਮਿਕ, ਨੈਤਿਕ, ਸਮਾਜਿਕ ਆਦਿ ਵੱਖ-ਵੱਖ ਖੇਤਰਾਂ ਵਿਚ ਆਪਣੀਆਂ ਖ਼ਾਸ ਪ੍ਰਾਪਤੀਆਂ ਸਦਕਾ ਮਾਲਵਾ ਖੇਤਰ ਦੀ ਇਕ ਨਾਮਵਰ ਵਿੱਦਿਅਕ ਸੰਸਥਾ ਵੱਜੋਂ ਪਛਾਣ ਬਣਾ ਚੁਕੀ ਹੈ। ਵਰਤਮਾਨ ਚਲ ਰਹੇ ਸੈਸ਼ਨ ਵਿਚ ਵਿਦਿਆਰਥੀਆਂ ਦੀਆਂ ਕਲਾਸਾਂ ਖਤਮ ਹੋ ਗਈਆਂ ਹਨ ਅਤੇ ਸਮੈਸਟਰ ਪ੍ਰੀਖਿਆ ਦਾ ਸਮਾਂ ਆ ਚੁਕਾ ਹੈ। ਇਸ ਮੌਕੇ ਸਰਵਪੱਖੀ ਵਿਕਾਸ ਦੇ ਆਪਣੇ ਮਿਸ਼ਨ ਦੇ ਤਹਿਤ ਅਕਾਲ ਯੂਨੀਵਰਸਿਟੀ ਵਿਚ ਇਕ ਗੁਰਮਤਿ ਸਮਾਗਮ ਉਲੀਕਿਆ ਗਿਆ, ਜਿਸ ਵਿਚ ਦੋ ਦਿਨ ਤੋਂ ਜਾਰੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਹ ਸਮਾਗਮ ਸਮੂਹ ਵਿਦਿਆਰਥੀਆਂ ਵੱਲੋਂ ਡੀਨ ਵਿਦਿਆਰਥੀ ਭਲਾਈ ਡਾ. ਸੰਦੀਪ ਸਿੰਘ ਚਹਿਲ ਦੀ ਅਗਵਾਈ ਵਿਚ ਆਯੋਜਿਤ ਕੀਤਾ ਗਿਆ। ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਅਕਾਲ ਪੁਰਖ ਅੱਗੇ ਪ੍ਰੀਖਿਆਵਾਂ ਵਿਚ ਸਫਲਤਾ, ਸਦਾ ਚੜਦੀਕਲਾ ਵਿਚ ਰਹਿਣ ਅਤੇ ਵਿੱਦਿਆ ਦਾ ਦਾਨ ਗ੍ਰਹਿਣ ਕਰਨ ਲਈ ਅਰਦਾਸ ਕਰਦਿਆਂ ਗੁਰਮਤਿ ਸਮਾਗਮ ਵਿਚ ਹਿੱਸਾ ਲਿਆ। ਸਮਾਗਮ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਜਿੱਥੇ ਸ਼ਬਦ ਕੀਰਤਨ ਕੀਤਾ, ਉੱਥੇ ਕਵਿਤਾ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਵੀ ਸਾਂਝੀਆਂ ਕੀਤੀਆਂ। ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਮੰਚ ਤੋਂ ਗੁਰਮਤਿ ਉਪਦੇਸ਼ਾਂ ਵਾਲੀਆਂ ਸਾਖੀਆਂ ਵੀ ਪੇਸ਼ ਕੀਤੀਆਂ। ਹਾਜ਼ਰੀਨ ਨੇ ਬੜੀ ਸ਼ਰਧਾ ਨਾਲ ਗੁਰ ਦਰਬਾਦ ਵਿਚ ਕੀਰਤਨ ਦਾ ਆਨੰਦ ਮਾਣਿਆ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿਚ ਸਫਲ ਹੋਣ ਲਈ ਆਪਣੇ ਭਵਿੱਖ ਦੀ ਯੋਜਨਾਬੰਦੀ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਵਿਦਿਆਰਥੀਆਂ ਨਾਲ ਆਪਣੇ ਸੰਘਰਸ਼ਮਈ ਜੀਵਨ ਦੇ ਨਿੱਜੀ ਅਨੁਭਵ ਸਾਂਝੇ ਕਰਦਿਆਂ ਇਕ ਰੋਚਕ ਸੰਵਾਦ ਰਚਾਇਆ। ਉਹਨਾਂ ਨੇ ਸਮੂਹ ਵਿਦਿਆਰਥੀਆਂ ਨੂੰ ਹੋਣ ਜਾ ਰਹੀਆਂ ਪ੍ਰੀਖਿਆਵਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਤੋਂ ਇਲਾਵਾ ਡੀਨ ਵਿਦਿਆਰਥੀ ਭਲਾਈ ਡਾ. ਸੰਦੀਪ ਸਿੰਘ ਚਹਿਲ ਵੀ ਵਿਦਿਆਰਥੀਆਂ ਨੂੰ ਮੁਖ਼ਾਤਿਬ ਹੋਏ ਅਤੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਮੇਜਰ ਜਨਰਲ ਡਾ. ਗੁਰਚਰਨ ਸਿੰਘ ਲਾਂਬਾ, ਰਜਿਸਟਰਾਰ ਡਾ. ਸਵਰਨ ਸਿੰਘ, ਵੱਖ-ਵੱਖ ਵਿਭਾਗਾਂ ਦੇ ਮੁਖੀ, ਅਧਿਆਪਕ ਅਤੇ ਵਿਦਿਆਰਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਤਮਸਤਕ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV



### ਪੰਜਾਬ 1955 ਤੋਂ ਧੋਖਿਆਂ ਦਾ ਸ਼ਿਕਾਰ ਹੈ - ਸਾਬਕਾ ਸਪੀਕਰ ਰਾਣਾ ਕੇਪੀ ਸਿੰਘ

# ਨੁਕਸ ਸਿੰਧੂ ਜਲ ਸਮਝੌਤੇ ਵਿੱਚ ਨਹੀਂ, ਦਿੱਲੀ ਵੱਲੋਂ ਇਸਨੂੰ ਪੰਜਾਬ ਖ਼ਿਲਾਫ਼ ਹਥਿਆਰ ਵਜੋਂ ਵਰਤਣ ਵਿੱਚ ਹੈ

**ਇਹ ਚੰਗੀ** ਗੱਲ ਹੈ ਕਿ ਪੰਜਾਬ ਦੇ ਕਾਂਗਰਸੀ ਲੀਡਰ ਸੱਚ ਨੂੰ ਤਸਲੀਮ ਕਰਨ ਲੱਗ ਪਏ ਨੇ ਕਿ ਦਰਿਆਈ ਪਾਣੀ ਦੇ ਮਾਮਲੇ 'ਤੇ ਪੰਜਾਬ ਨਾਲ ਕਾਂਗਰਸੀ ਹਾਕਮਾਂ ਨੇ ਕਿੰਨੇ ਧੱਕੇ ਕੀਤੇ। ਅਸਲ ਵਿੱਚ ਨਹਿਰੂ-ਇੰਦਰਾ ਕਾਲ ਤੋਂ ਪੰਜਾਬ ਨਾਲ ਧੱਕਾ ਇੰਨਾ ਨੰਗਾ ਚਿੱਟਾ ਕੀਤਾ ਗਿਆ ਕਿ ਉਹ ਪੰਜਾਬ ਦੇ ਕਾਂਗਰਸੀਆਂ ਨੂੰ ਵੀ ਤਸਲੀਮ ਕਰਨਾ ਪੈ ਰਿਹਾ ਹੈ।

ਸਰਬ ਪਾਰਟੀ ਮੀਟਿੰਗ ਦੌਰਾਨ ਰਾਣਾ ਕੇ ਪੀ ਸਿੰਘ ਨੇ ਬੀਬੀਐਮਬੀ ਦੀ ਬਦਮਾਸ਼ੀ ਅਤੇ ਹਰਿਆਣਾ, ਹਿਮਾਚਲ, ਰਾਜਸਥਾਨ ਅਤੇ ਦਿੱਲੀ ਵੱਲੋਂ ਪੰਜਾਬ ਖਿਲਾਫ "ਗੈਂਗ ਅੱਪ" ਹੋਣ ਦੀ ਗੱਲ ਵੀ ਕੀਤੀ। ਪੂਰਾ ਸੱਚ ਇਹ ਹੈ ਕਿ ਮੁਲਕ ਦੇ ਹੋਰ ਰਾਜਾਂ ਦਰਮਿਆਨ ਪਾਣੀਆਂ ਦੇ ਝਗੜੇ ਵਿੱਚ ਕੇਂਦਰ ਮਿੱਥ ਕੇ ਇੱਕ ਰਾਜ ਦੇ ਖਿਲਾਫ ਇੰਨਾ ਨਹੀਂ ਭੁਗਤਿਆ ਜਿਵੇਂ ਪੰਜਾਬ ਖਿਲਾਫ ਭੁਗਤਿਆ। ਕਾਰਨ ਸਿਰਫ ਫਿਰਕੂ ਮੁਤੱਸਬ। ਇਸੇ ਲਈ ਸਰਕਾਰ ਭਾਵੇਂ ਕਾਂਗਰਸ ਦੀ ਰਹੀ ਜਾਂ ਹੁਣ ਭਾਜਪਾ ਦੀ ਹੈ ਕੇਂਦਰ ਅਤੇ ਇਨ੍ਹਾਂ ਰਾਜਾਂ ਦੇ ਖਾਸੇ ਅਤੇ ਵਤੀਰੇ ਵਿੱਚ ਕੋਈ ਫਰਕ ਨਹੀਂ ਪਿਆ ਤੇ ਇਸੇ ਨਫ਼ਰਤ ਵਿਚੋਂ ਇਹ "ਗੈਂਗ ਅੱਪ" ਹੁੰਦੇ ਨੇ।

ਰਾਣਾ ਜੀ ਨੇ ਦੋਸ਼ ਇੰਡਸ ਵਾਟਰ ਟਰੀਟੀ (ਸਿੰਧੂ ਜਲ ਸਮਝੌਤੇ) ਦਾ ਕੱਢਿਆ ਹੈ। ਪਰ ਅਸਲ ਦੋਸ਼ ਵਰਲਡ ਬੈਂਕ ਦੀ ਵਿਚੋਲਗਿਰੀ ਨਾਲ ਹੋਏ ਇਸ ਸਮਝੌਤੇ ਵਿੱਚ ਨਹੀਂ, ਪਹਿਲਾਂ ਨਹਿਰੂ ਅਤੇ ਫਿਰ ਇੰਦਰਾ ਦੀ ਸਰਕਾਰ ਵੱਲੋਂ ਇਸ ਸਮਝੌਤੇ ਨੂੰ ਪੰਜਾਬ ਖਿਲਾਫ ਹਥਿਆਰ ਵਾਂਗ ਵਰਤਣ ਵਿੱਚ ਹੈ। 1985 ਵਿੱਚ ਇਹੀ ਕੁਝ ਰਾਜੀਵ ਗਾਂਧੀ ਨੇ ਕੀਤਾ।

ਇਹ ਸਾਰਾ ਕੁਝ ਬਦਨੀਤੀ ਅਤੇ ਫਿਰਕੂ ਜ਼ਿਹਨੀਅਤ ਵਿੱਚੋਂ ਕੀਤਾ ਗਿਆ। ਪਹਿਲਗਾਮ ਘਟਨਾ (22 ਅਪ੍ਰੈਲ) ਤੋਂ ਬਾਅਦ ਭਾਰਤ ਦੀ ਸੱਜੇ ਪੱਖੀ ਸਰਕਾਰ ਨੇ ਤੁਰੰਤ ਦੋ ਫ਼ੈਸਲੇ ਲਏ, ਜੋ ਕਿ ਦੇਸ਼ ਦੇ ਅੰਦਰਲੇ ਸਾਜ਼ਗਾਰ ਮਾਹੌਲ ਜਾਂ ਸਿਰਫ਼ ਆਪਣੇ ਸਮਰਥਕ ਵਰਗ ਨੂੰ ਸੰਤੁਸ਼ਟ ਕਰਨ ਲਈ ਸਨ:

1. ਪਹਿਲਾਂ ਹੀ ਪਾਕਿਸਤਾਨ ਉੱਤੇ ਹਮਲੇ ਦੀ ਭਾਸ਼ਾ ਵਰਤਣੀ।
2. ਇੰਡਸ ਵਾਟਰ ਟਰੀਟੀ ਨੂੰ ਸਸਪੈਂਡ ਕਰਨ ਦਾ ਐਲਾਨ।

ਹੁਣ ਜਦੋਂ ਇੰਟਰਨੈਸ਼ਨਲ ਦਬਾਅ ਵਧਿਆ ਤਾਂ ਭਾਰਤ ਦੀ ਸਰਕਾਰ ਪਿਛੇ ਹਟਦੀ ਨਜ਼ਰ ਆ ਰਹੀ ਹੈ। ਪਾਕਿਸਤਾਨ ਉੱਤੇ ਹਮਲੇ ਬਾਰੇ ਹੁਣ ਕਿਹਾ ਜਾ ਰਿਹਾ ਕਿ ਇਹ ਫੈਸਲਾ ਫੌਜੀ ਕਮਾਂਡਰਾਂ ਉੱਤੇ ਛੱਡਿਆ ਗਿਆ ਹੈ।

ਦੂਜੇ ਪਾਸੇ, ਇੰਡਸ ਵਾਟਰ ਟਰੀਟੀ ਨੂੰ ਲੈ ਕੇ ਇਕ ਨਵਾਂ ਨਾਟਕ ਖੇਡਿਆ ਜਾ ਰਿਹਾ ਹੈ, ਜਿਸ ਵਿੱਚ "ਆਪ" ਸਮੇਤ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਅਤੇ ਭਾਜਪਾ ਰਾਜ ਵਾਲੀਆਂ ਹੋਰ ਰਾਜ ਸਰਕਾਰਾਂ ਨੂੰ ਇਸ ਸਾਜ਼ਿਸ਼ ਵਿਚ ਖਿੱਚ ਲਿਆ ਗਿਆ ਹੈ।

ਆਲ ਪਾਰਟੀ ਮੀਟਿੰਗ 'ਚ ਜਦੋਂ ਸਾਰੀਆਂ ਪੰਜਾਬੀ ਪਾਰਟੀਆਂ ਨੇ ਇਹ ਕਿਹਾ ਕਿ ਸਾਰੇ ਦੁੱਖ ਇੰਡਸ ਵਾਟਰ ਟਰੀਟੀ ਕਰਕੇ ਹਨ, ਤਾਂ ਉਥੇ ਹੀ ਕੇਂਦਰੀ ਯੋਜਨਾ ਕਾਮਯਾਬ ਹੋ ਗਈ, ਕਿ ਪੰਜਾਬ ਨੂੰ ਹੀ ਵਿਰੋਧੀ ਵਜੋਂ ਵਿਖਾ ਕੇ, ਕੇਂਦਰ ਆਪਣੀ ਜ਼ਿੰਮੇਵਾਰੀ ਤੋਂ ਹਟ ਜਾਵੇ।

ਪਰ ਸੱਚ ਇਹ ਹੈ ਕਿ ਇੰਡਸ ਵਾਟਰ ਟਰੀਟੀ ਨੇ ਦੋ ਵੱਡੀਆਂ ਗੱਲਾਂ ਸਾਫ ਕੀਤੀਆਂ ਸਨ:

1. ਰਾਵੀ, ਬਿਆਸ ਅਤੇ ਸਤਲੁਜ ਦੀ ਪਹਿਚਾਣ ਖੁਦਮੁਖ਼ਤਿਆਰ ਦਰਿਆਵਾਂ ਵਜੋਂ ਹੋਈ ਸੀ, ਨਾ ਕਿ ਹੋਰ ਕਿਸੇ ਦਰਿਆ ਦੀ ਸ਼ਾਖ ਵਜੋਂ।
2. ਰਾਵੀ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੇ ਹੱਕ ਮਾਝਾ ਤੇ ਦੋਆਬਾ ਖੇਤਰ ਲਈ ਸਾਫ਼-ਸਾਫ਼ ਦਰਸਾਏ ਗਏ ਸਨ।

ਅਸਲ ਕਸੂਰ ਸਿੰਧੂ ਜਲ ਸਮਝੌਤੇ ਨੂੰ ਲਾਗੂ ਕਰਨ ਵਿੱਚ ਸੀ, ਜਿਸ ਵਿੱਚ ਭਾਰਤ ਸਰਕਾਰ ਨੇ ਰਾਵੀ ਤੇ ਬਿਆਸ ਦੇ ਪਾਣੀਆਂ ਨੂੰ ਹੋਰ ਰਾਜਾਂ ਨੂੰ ਵੰਡ ਦਿੱਤਾ, ਪੰਜਾਬ ਦੀ ਹੱਕਦਾਰੀ ਨੂੰ ਕੁਤਰ ਕੇ।

ਇਹ ਵਕਤ ਹੈ ਜਦੋਂ ਪੰਜਾਬ ਆਪਣੇ ਹਿੱਤਾਂ ਦੀ ਪੈਰਵਾਈ ਸੰਜੀਦਗੀ ਨਾਲ ਗੱਲ ਕਰਕੇ ਕਰੇ, ਨਾ ਕਿ ਕੇਂਦਰ ਦੀ ਰਚੀ ਸਾਜ਼ਿਸ਼ 'ਚ ਫਸ ਕੇ ਆਪਣਾ ਹੀ ਨੁਕਸਾਨ ਕਰੇ।

**ਪਾਣੀ ਪੰਜਾਬ ਦਾ ਹੈ, ਹੱਕ ਵੀ ਪੰਜਾਬ ਦਾ ਹੈ।**



ਆਵਾਜ਼ਿ ਕੌਮ AWAZE QAUM International Newspaper & WEB TV

# ਕਾਨਪੁਰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਚਲ ਰਹੇ ਮਾਮਲਿਆਂ ਦੀ ਕਾਰਵਾਈ ਤੇ ਵਕੀਲਾਂ ਨੇ ਕੀਤਾ ਵਿਸ਼ਲੇਸ਼ਣ: ਭੋਗਲ



**ਨਵੀਂ ਦਿੱਲੀ 7 ਮਈ (ਮਨਪ੍ਰੀਤ ਸਿੰਘ ਖਾਲਸਾ):-** ਜਥੇਦਾਰ ਕੁਲਦੀਪ ਸਿੰਘ ਭੋਗਲ, ਪ੍ਰਧਾਨ, ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ 1984 ਨੇ ਪ੍ਰੈਸ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਜਨਹਿੱਤ ਮੁਕੱਦਮਾ ਨੰਬਰ ਸੀਆਰਆਈ ਡਬਲਯੂਪੀ ਨੰਬਰ 45/17, ਜੋ ਕਿ ਕਾਨਪੁਰ ਸਿੱਖ ਕਤਲੇਆਮ ਨਾਲ ਸਬੰਧਤ ਹੈ, ਮਾਮਲੇ ਵਿਚ ਬੀਤੇ ਦਿਨੀਂ ਸ਼੍ਰੀ ਪ੍ਰਸੂਨ ਕੁਮਾਰ ਐਡਵੋਕੇਟ ਸੁਪਰੀਮ ਕੋਰਟ ਕਾਨਪੁਰ ਅਦਾਲਤ ਗਏ ਅਤੇ ਵਿਸ਼ੇਸ਼ ਸਰਕਾਰੀ ਵਕੀਲ ਸ਼੍ਰੀ ਕਮਲੇਸ਼ ਪਾਠਕ ਅਤੇ ਰਣਜੀਤ ਸਿੰਘ ਐਡਵੋਕੇਟ ਨਾਲ ਮੁਲਾਕਾਤ ਕੀਤੀ ਅਤੇ ਮਾਮਲੇ ਵਿੱਚ ਕੀਤੀ ਜਾ ਰਹੀ ਕਾਰਵਾਈ ਦਾ ਵਿਸ਼ਲੇਸ਼ਣ ਕੀਤਾ। ਸਰਕਾਰੀ ਵਕੀਲਾਂ ਨੇ ਮਾਮਲੇ ਵਿੱਚ ਆ ਰਹੀਆਂ ਸਮੱਸਿਆਵਾਂ ਵੱਲ ਧਿਆਨ ਦਿਵਾਇਆ ਅਤੇ ਇਸ ਸਬੰਧ ਵਿੱਚ ਉੱਤਰ ਪ੍ਰਦੇਸ਼ ਸਰਕਾਰ ਅਤੇ ਪ੍ਰਸ਼ਾਸਨ ਤੋਂ ਲੋੜੀਂਦੇ ਸਹਿਯੋਗ ਦੀ ਉਮੀਦ ਪ੍ਰਗਟ ਕੀਤੀ। ਸਰਕਾਰੀ ਵਕੀਲਾਂ ਨੇ ਗਵਾਹਾਂ ਵੱਲੋਂ ਡਰ ਕਾਰਨ ਮੁਕੱਦਮਿਆਂ ਵਿੱਚ ਸਹੀ ਬਿਆਨ ਨਾ ਦੇਣ 'ਤੇ ਵੀ ਚਿੰਤਾ ਪ੍ਰਗਟ ਕੀਤੀ। ਇਸ ਸਬੰਧ ਵਿੱਚ, ਪਟੀਸ਼ਨਰ ਸ਼੍ਰੀ ਕੁਲਦੀਪ ਸਿੰਘ ਭੋਗਲ ਵੱਲੋਂ ਪੇਸ਼ ਹੋਏ ਵਕੀਲ ਪ੍ਰਸੰਨ ਕੁਮਾਰ ਨੇ ਇਨ੍ਹਾਂ ਸਾਰੇ ਮੁੱਦਿਆਂ ਨੂੰ ਮਾਣਯੋਗ ਸੁਪਰੀਮ ਕੋਰਟ ਵਿੱਚ ਜ਼ੋਰਦਾਰ ਢੰਗ ਨਾਲ ਉਠਾਉਣ ਦਾ ਭਰੋਸਾ ਦਿੱਤਾ। ਇਸ ਸੰਦਰਭ ਵਿੱਚ, ਕਾਨਪੁਰ ਦੀ ਅਦਾਲਤ ਵਿੱਚ 1984 ਦੇ ਸਿੱਖ ਕਤਲੇਆਮ ਦੇ 11 ਮਾਮਲੇ ਚੱਲ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸਿੱਖ ਸੰਸਥਾ ਦਾ ਬਿਨਾ ਪੱਖ ਲਏ ਖ਼ਬਰਾਂ ਲਗਾਉਣੀਆਂ ਤਰਕਸੰਗਤ ਨਹੀਂ- ਸਤਵੰਤ ਕੌਰ ਸਹਾਇਕ ਡਾਇਰੈਕਟਰ ਸਕੂਲਜ਼

**ਅੰਮ੍ਰਿਤਸਰ, 7 ਮਈ (ਆਵਾਜ਼ਿ ਕੌਮ ਬਿਊਰੋ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਇਕ ਡਾਇਰੈਕਟਰ ਸਕੂਲਜ਼ ਸਤਵੰਤ ਕੌਰ ਨੇ ਅਖ਼ਬਾਰਾਂ ਵਿਚ ਸਿੱਖ ਸੰਸਥਾ ਦੇ ਸਿੱਖਿਆ ਡਾਇਰੈਕਟੋਰੇਟ ਬਾਰੇ ਛਪੀਆਂ ਖ਼ਬਰਾਂ ਨੂੰ ਤੱਥ ਰਹਿਤ ਕਰਾਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਵਿੱਦਿਅਕ ਸੰਸਥਾਵਾਂ ਅਤੇ ਡਾਇਰੈਕਟੋਰੇਟ ਨੇ ਹਮੇਸ਼ਾ ਹੀ ਵਿਦਿਆ ਦੇ ਪ੍ਰਚਾਰ ਪ੍ਰਸਾਰ ਲਈ ਵੱਡਮੁੱਲੇ ਕਾਰਜ ਕੀਤੇ ਹਨ। ਉਨ੍ਹਾਂ ਜਾਰੀ ਇਕ ਬਿਆਨ ਵਿਚ ਆਖਿਆ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਮਹਾਨ ਅਤੇ ਸ਼ਾਨਾਮੱਤੀ ਸੰਸਥਾ ਹੈ, ਜਿਸ ਦਾ ਇਤਿਹਾਸ ਲਾਸਾਨੀ ਅਤੇ ਕੁਰਬਾਨੀਆਂ ਭਰਪੂਰ ਹੈ। ਸ਼੍ਰੋਮਣੀ ਕਮੇਟੀ ਦਾ ਪ੍ਰਮੁੱਖ ਕਾਰਜ ਪ੍ਰਬੰਧ ਅਧੀਨ ਆਉਂਦੇ ਗੁਰੂ ਘਰਾਂ ਦਾ ਸੁਚਾਰੂ ਢੰਗ ਨਾਲ ਪ੍ਰਬੰਧ ਚਲਾਉਣਾ ਅਤੇ ਸਿੱਖੀ ਪ੍ਰਚਾਰ ਤੇ ਪ੍ਰਸਾਰ ਹੈ। ਇਸ ਦੇ ਨਾਲ ਹੀ ਸਿੱਖ ਪਨੀਰੀ ਨੂੰ ਸਿੱਖੀ ਰਹੁਰੀਤਾਂ, ਪ੍ਰੰਪਰਾਵਾਂ ਅਤੇ ਗੌਰਵਮਈ ਕੌਮੀ ਵਿਰਸੇ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਨੇ ਵਿੱਦਿਅਕ ਅਦਾਰਿਆਂ ਦੀ ਲੋੜ ਨੂੰ ਮਹਿਸੂਸ ਕਰਦਿਆਂ 100 ਦੇ ਕਰੀਬ ਵਿੱਦਿਅਕ ਅਦਾਰਿਆਂ (ਸਕੂਲ/ਕਾਲਜ/ਅਕੈਡਮੀ/ਯੂਨੀਵਰਸਿਟੀ) ਨੂੰ ਸੁਚੱਜੇ ਅਤੇ ਨਿਯਮਿਤ ਤਰੀਕੇ ਨਾਲ ਚਲਾਉਣ ਦੀ ਪਹਿਲਕਦਮੀ ਕੀਤੀ ਹੈ।



ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਦੇ ਵਿੱਦਿਅਕ ਅਦਾਰਿਆਂ ਦੇ ਕਾਰਜ ਭਾਰ ਨੂੰ ਵਿਸ਼ੇਸ਼ ਸਮਾਂ ਅਤੇ ਤਵੱਜੋਂ ਦੇਣ ਲਈ 2007 ਵਿੱਚ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਸਥਾਪਨਾ ਕੀਤੀ ਗਈ ਸੀ। ਪਿਛਲੇ ਕੁਝ ਸਮੇਂ ਤੋਂ ਜਿੱਥੇ ਪੰਥਕ ਸਫਾਂ ਵਿੱਚ ਕਈ ਉਤਰਾਅ-ਚੜ੍ਹਾਅ ਆਏ ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਨੂੰ ਗੰਭੀਰਤਾ ਨਾਲ ਲੈਣਾ ਬੇਹੱਦ ਜਰੂਰੀ ਹੈ। ਉਨ੍ਹਾਂ ਕਿਹਾ ਕਿ ਸੰਸਥਾਵਾਂ ਦੇ ਵਡੇਰੇ ਹਿੱਤਾਂ ਨੂੰ ਅਣਗੌਲਿਆਂ ਕਰਦੇ ਹੋਏ ਮੀਡੀਆ ਰਾਹੀਂ ਕੁਝ ਅਧੂਰੇ ਤੱਥਾਂ ਨੂੰ ਉਭਾਰਨਾ ਅਤੇ ਪ੍ਰਚਾਰਨਾ ਦੁਖਦਾਇਕ ਹੈ। ਉਨ੍ਹਾਂ ਆਖਿਆ ਕਿ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਸੰਸਥਾਂ ਦੇ ਵਿੱਦਿਆਕ ਅਦਾਰਿਆਂ ਨੂੰ ਸਮੇਂ-ਸਮੇਂ ਤੇ ਹਰੇਕ ਖੇਤਰ ਵਿੱਚ ਮਿਸਾਲੀ ਅਤੇ ਉਸਾਰੂ ਫੈਸਲਿਆ ਰਾਹੀਂ ਇੱਕ ਨਵੇਕਲੀ ਅਤੇ ਸੁਚੱਜੀ ਅਗਵਾਈ ਦਿੱਤੀ ਹੈ। ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਨਾਲ-ਨਾਲ ਸਿੱਖ ਵਿਦਵਾਨ ਬਣਾ ਕੇ ਇੱਕ ਨਰੋਏ ਸਮਾਜ ਦੀ ਸਿਰਜਨਾ ਕਰਨਾ ਹੈ ਅਤੇ ਅਦਾਰਾ ਇਹ ਕਾਰਜ ਬਾਖ਼ੂਬੀ ਨਿਭਾਅ ਰਿਹਾ ਹੈ।

ਉਨ੍ਹਾਂ ਆਖਿਆ ਕਿ ਵਿੱਦਿਅਕ ਅਦਾਰਿਆਂ ਦਾ ਨਿਰਮਾਣ ਜਿੱਥੇ ਸ਼੍ਰੋਮਣੀ ਕਮੇਟੀ ਦੀ ਵਿੱਦਿਆ ਬਾਰੇ ਭਵਿੱਖ-ਦ੍ਰਿਸ਼ਟੀ ਨੂੰ ਰੂਪਮਾਨ ਕਰਦਾ ਹੈ, ਉਥੇ ਸਮਾਜ ਵਿੱਚ ਗੁਰੂ ਦੇ ਗਿਆਨ ਦੀ ਰੌਸ਼ਨੀ ਵਿੱਚ ਵਿੱਦਿਆ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ ਦਾ ਪ੍ਰਤੱਖ ਪ੍ਰਮਾਣ ਵੀ ਹੈ। ਵਿੱਦਿਅਕ ਅਦਾਰਿਆਂ ਦੇ ਸੁਚੱਜੇ ਪ੍ਰਬੰਧ ਲਈ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਸਥਾਪਨਾ ਇੱਕ ਮੀਲ ਪੱਥਰ ਹੈ। ਕਰੋਨਾ ਕਾਲ ਸਮੇਂ ਵਿਸ਼ਵ ਭਰ ਦੀਆਂ ਸੰਸਥਾਵਾਂ ਲਈ ਪੈਦਾ ਹੋਏ ਵਿੱਤੀ ਸੰਕਟ ਵਿਚੋਂ ਸਿੱਖ ਵਿਦਿਅਕ ਸੰਸਥਾਵਾਂ ਨੂੰ ਗੁਰੂ ਦੀ ਗੋਲਕ ਤੇ ਬੇਲੋੜਾ ਬੋਝ ਪਾਏ ਬਿਨਾਂ ਸਮੇਂ ਸਿਰ ਗੰਭੀਰ ਵਿੱਤੀ ਸੰਕਟ ਵਿਚੋਂ ਉਭਾਰ ਕੇ ਹਰੇਕ ਪੱਖ ਤੋਂ ਆਈ ਖੜੋਤ ਨੂੰ ਮੁੜ ਸੁਰਜੀਤ ਕਰਨਾ ਮਾਨਯੋਗ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਕੱਤਰ ਵਿੱਦਿਆ ਦੀ ਮਿਸਾਲੀ ਪ੍ਰਾਪਤੀ ਅਤੇ ਸੰਸਥਾਂ ਦੇ ਉਦੇਸ਼ਾਂ ਦੀ ਪੂਰਤੀ ਹਿੱਤ ਇੱਕ ਨਿਵੇਕਲਾ ਅਤੇ ਇਤਿਹਾਸਿਕ ਉਪਰਾਲਾ ਹੈ। ਵਿੱਦਿਅਕ ਅਦਾਰਿਆਂ ਵਿੱਚ ਪੱਕੇ ਤੌਰ ਤੇ ਭਰਤੀ ਲਈ ਅਖਬਾਰ ਵਿੱਚ ਇਸ਼ਿਤਹਾਰ ਦੇਣਾ, ਸਿਵਲ ਸਰਵਿਸਸ ਵਿੱਚ ਦਿਲਚਸਪੀ ਲੈਣ ਵਾਲੇ ਸਿੱਖ ਵਿਦਿਆਰਥੀਆਂ ਲਈ ਨਿਸ਼ਚੈ ਅਕੈਡਮੀ ਦੀ ਸਥਾਪਨਾ, ਸਿੱਖੀ ਜੀਵਨ ਜਾਂਚ ਲਈ ਗੁਰਮਤਿ ਟ੍ਰੇਨਿੰਗ ਕੈਂਪ ਲਗਾਉਣਾ, ਅਧਿਆਪਕਾਂ ਦੇ ਹੁਨਰ ਨੂੰ ਨਿਖਾਰਨ ਲਈ ਟ੍ਰੇਨਿੰਗ ਵਰਕਸ਼ਾਪ, ਕਾਲਜਾਂ ਵਿੱਚ ਪਲੇਸਮੈਂਟ ਸੈੱਲ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਵਿੱਦਿਅਕ ਕਾਨਫਰੰਸਾਂ, ਗਿਆਨ-ਪ੍ਰਚੰਡ ਤੇ ਕਾਵਿ-ਏ-ਸਿੱਖੀ ਮੁਕਾਬਲੇ ਅਤੇ ਲੰਮੇ ਸਮੇਂ ਤੋਂ ਵਿਦਿਅਕ ਅਦਾਰਿਆਂ ਦੇ ਪੈਂਡਿੰਗ ਚੱਲ ਰਹੇ ਆਡਿਟ ਦੇ ਕੰਮ-ਕਾਜ਼ ਨੂੰ ਅੱਪਡੇਟ ਕਰਨ ਅਤੇ ਨਵੀਂ ਪਿਰਤ ਪਾਉਣ ਦਾ ਸਿਹਰਾ ਮਾਨਯੋਗ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਕੱਤਰ ਵਿੱਦਿਆ (ਜਿਨ੍ਹਾਂ ਪਾਸ ਮੌਜੂਦਾ ਐਡੀਸ਼ਨਲ ਚਾਰਜ ਡਾਇਰੈਕਟਰ ਐਜੂਕੇਸ਼ਨ ਹੈ) ਅਤੇ ਉਹਨਾਂ ਦੀ ਸਮੁੱਚੀ ਟੀਮ ਨੂੰ ਜਾਂਦਾ ਹੈ। ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਨੇ ਦਿਨ ਰਾਤ ਇੱਕ ਕਰਦਿਆਂ ਹਰੇਕ ਵਿਦਿਆ ਨੀਤੀ ਘੜਨ ਲਈ ਵਿਸ਼ੇਸ਼ ਮਾਹਿਰਾਂ, ਟ੍ਰੱਸਟੀ ਸਾਹਿਬਾਨਾਂ ਅਤੇ ਤਰਜ਼ਰਬੇਕਾਰ ਪ੍ਰਿੰਸੀਪਲ ਸਾਹਿਬਾਨਾਂ ਦੀਆਂ ਸੇਵਾਵਾਂ ਨੂੰ ਨਾਲ ਲੈ ਕੇ ਸੰਸਥਾ ਦੇ ਹਿੱਤਾਂ 'ਤੇ ਪਹਿਰਾ ਦਿੱਤਾ। ਇਨ੍ਹਾਂ ਸਮੁੱਚੇ ਸੇਵਾ ਕਾਰਜਾ ਨੂੰ ਅੱਖੋ ਪਰੋਖੇ ਕਰਕੇ ਸਕੱਤਰ ਵਿੱਦਿਆ/ਡਾਇਰੈਕਟਰ ਸਿੱਖਿਆਂ ਦੇ ਸਨਮਾਨਿਤ ਅਹੁਦੇ ਨੂੰ ਕੇਂਦਿਰਤ ਹੁੰਦਿਆ ਟੀਕਾ-ਟਿੱਪਣੀਆਂ ਤੋਂ ਉੱਪਰ ਉਠ ਕੇ ਕੁਰਬਾਨੀਆਂ ਦੀ ਨੀਂਹ ਤੇ ਟਿਕੀ ਇਸ ਸ਼ਾਨਾਮੱਤੀ ਸੰਸਥਾ ਦੀ ਮਾਣ-ਮਰਿਆਦਾ ਨੂੰ ਬਹਾਲ ਰੱਖਣਾ ਸਾਡੀ ਨੈਤਿਕ ਜਿੰਮੇਵਾਰੀ ਹੈ, ਆਉ ਸਾਰੇ ਮਿਲ ਕੇ ਇਸਦੇ ਵਿਕਾਸ ਅਤੇ ਤਰੱਕੀ ਦੀ ਗੱਲ ਕਰੀਏ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM

# ਰੈੱਡਕਰਾਸ ਦੇ ਬਾਨੀ ਭਾਈ ਘਨ੍ਹਈਆ ਜੀ

**ਸ਼੍ਰੀ ਗੁਰੂ** ਤੇਗ਼ ਬਹਾਦਰ ਜੀ ਦੇ ਅਨਿੰਨ ਸੇਵਕ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਭਾਈ ਘਨ੍ਹਈਆ ਜੀ 1702-04 ਈ: ਦੌਰਾਨ ਖ਼ਾਲਸੇ ਦੀ ਜਨਮ-ਭੂਮੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਜਬਰ, ਜ਼ੁਲਮ ਦੇ ਖ਼ਾਤਮੇ ਅਤੇ ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਲਈ ਹੋ ਰਹੇ ਧਰਮ ਯੁੱਧ ਵਿੱਚ ਚਮੜੇ ਦੀ ਮਸ਼ਕ ਪਾਣੀ ਦੀ ਭਰ ਕੇ, ਲੜਾਈ ਵਿੱਚ, ਚੱਲਦੀਆਂ ਤੋਪਾਂ ਵਿੱਚ, ਗੋਲੀਆਂ ਦੇ ਵਰ੍ਹਦੇ ਮੀਂਹ ਵਿੱਚ, ਤੀਰਾਂ ਦੀ ਬੁਛਾੜ ਵਿੱਚ ਜਿੱਥੇ ਕੋਈ ਪਾਣੀ ਮੰਗਦਾ,

ਆਵਾਜ਼ਿ ਕੌਮ AWAZE QAUM
International Newspaper & WEB TV

ਪਹੁੰਚ ਕੇ ਪਾਣੀ ਪਿਆਉਂਦਾ ਹੈ। ਉਹ ਜ਼ਖ਼ਮੀ ਹੋਏ ਦੁਸ਼ਮਣਾਂ ਦੇ ਸੈਨਿਕਾਂ ਨੂੰ ਵੀ ਪਾਣੀ ਪਿਆ ਕੇ ਮੁੜ ਜੀਵਿਤ ਕਰ ਰਿਹਾ ਹੈ। ਕੀ ਭਾਈ ਘਨ੍ਹਈਆ ਜੀ ਦੁਸ਼ਮਣ ਦੇ ਸੈਨਿਕਾਂ ਨਾਲ ਰਲਿਆ ਹੋਇਆ ਹੈ। ਇਹ ਕਹਿ ਕੇ ਕੁਝ ਸਿੰਘਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਅਸੀਂ ਤਾਂ ਮੈਦਾਨੇ ਜੰਗ ਵਿੱਚ ਦੁਸ਼ਮਣ ਨੂੰ ਮੁਸ਼ਕਲ ਨਾਲ ਡੇਗਦੇ ਹਾਂ ਪਰ ਇਕ ਮਾਸਕੀ ਸਿੱਖ ਉਹਨਾਂ ਨੂੰ ਪਾਣੀ ਪਿਆ ਕੇ ਜਿਊਂਦਾ ਕਰ ਦਿੰਦਾ ਹੈ, ਭਾਵ ਨਵਾਂ-ਨਰੋਆ ਕਰ ਦਿੰਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨ੍ਹਈਆ ਜੀ ਨੂੰ ਸੱਦ ਲਿਆ। ਉਹ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਖੜ੍ਹਾ ਸੀ। ਸਿੰਘ ਵੀ ਆਲੇ-ਦੁਆਲੇ ਹੋ ਗਏ। ਸਭ ਲੋਕ ਸੋਚ ਰਹੇ ਸਨ ਕਿ ਦੇਖੀਏ ਹੁਣ ਮਾਸ਼ਕੀ ਨੂੰ ਕੀ ਸਜ਼ਾ ਮਿਲਦੀ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਉਤਸੁਕਤਾ ਨਾਲ ਪੁੱਛਿਆ, "ਭਾਈ ਘਨ੍ਹਈਆ! ਸਾਰੇ ਸਿੰਘ ਸ਼ਿਕਾਇਤ ਕਰਦੇ ਹਨ ਕਿ ਤੁਸੀਂ ਵੈਰੀਆਂ ਨੂੰ ਪਾਣੀ ਪਿਆ ਕੇ ਮੁੜ ਜੀਵਿਤ ਕਰ ਦਿੰਦੇ ਹੋ।" ਭਾਈ ਘਨ੍ਹਈਆ ਜੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਆਖਿਆ, "ਸੱਚੇ ਪਾਤਸ਼ਾਹ ! ਮੈਂ ਕਿਸੇ ਵੈਰੀ ਨੂੰ ਪਾਣੀ ਨਹੀਂ ਪਿਆਇਆ।" ਗੁਰੂ ਜੀ ਨੇ ਕਿਹਾ, "ਹੋਰ ਕਿਸ ਨੂੰ ਪਾਣੀ ਪਿਆਉਂਦਾ ਸੈਂ।" ਕੀ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ। ਭਾਈ ਘਨ੍ਹਈਆ ਜੀ ਦਾ ਜਵਾਬ ਨਾਂਹ ਵਿੱਚ ਸੀ। ਜਵਾਬ ਸੁਣ-ਸੁਣ ਕੇ ਸੰਗਤਾਂ ਹੈਰਾਨ ਹੋ ਰਹੀਆਂ ਸਨ। ਗੁਰੂ ਜੀ ਕਹਿਣ ਲੱਗੇ, "ਜੇ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ ਤਾਂ ਫਿਰ ਕਿਸ ਨੂੰ ਪਿਆਉਂਦਾ ਸੈਂ।" ਭਾਈ ਘਨ੍ਹਈਆ ਕਹਿਣ ਲੱਗਾ, "ਮੈਨੂੰ ਤਾਂ ਹਰ ਇੱਕ ਵਿੱਚ ਆਪ ਦਾ ਹੀ ਰੂਪ ਨਜ਼ਰ ਆਉਂਦਾ ਹੈ। ਮੈਥੋਂ ਤਾਂ ਤੁਸੀਂ ਆਪ ਪਾਣੀ ਮੰਗਦੇ ਹੋ। ਮੈਨੂੰ ਤੁਹਾਡੇ ਬਗ਼ੈਰ ਕੋਈ ਨਜ਼ਰ ਨਹੀਂ ਆਉਂਦਾ ਹੈ। ਮੈਂ ਤਾਂ ਆਪ ਜੀ ਨੂੰ ਹੀ ਪਾਣੀ ਪਿਆਉਂਦਾ ਹਾਂ।

**ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਈਂ।**
**ਤੁਰਕ ਅਤੁਰਕ ਨ ਦਿਸਦਾ ਮੈਨੂੰ ਤੂੰ ਸਾਰੇ ਦਿਸ ਆਈ।**

ਭਾਈ ਘਨ੍ਹਈਆ ਜੀ ਦੇ ਬਚਨ ਸੁਣ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਪ੍ਰਸੰਨ ਹੋਏ। ਗੁਰੂ ਸਾਹਿਬ ਆਪਣੇ ਆਸਣ ਤੋਂ ਉੱਠੇ ਤੇ ਭਾਈ ਘਨ੍ਹਈਆ ਨੂੰ ਗਲ (ਛਾਤੀ) ਨਾਲ ਲਾ ਲਿਆ, ਭਾਈ ਜੀ ਦਾ ਮੱਥਾ ਚੁੰਮਿਆ ਤੇ ਪ੍ਰਸੰਨ ਹੋ ਕੇ ਬੋਲੇ, ਤੇਰੀ ਕਮਾਈ ਧੰਨ ਹੈ, ਤੁਸੀਂ ਸਿੱਖੀ ਨੂੰ ਸਮਝਿਆ ਹੈ। ਭਾਈ ਘਨ੍ਹਈਆ ਜੀ ਨੂੰ ਮਲ੍ਹਮ-ਪੱਟੀ ਦਾ ਡੱਬਾ ਫੜਾ ਕੇ ਕਿਹਾ ਕਿ ਜਿੱਥੇ ਤੁਸੀਂ ਪਿਆਸਿਆਂ ਨੂੰ ਜਲ ਛਕਾ ਕੇ ਉਹਨਾਂ ਦੀ ਪਿਆਸ ਦੂਰ ਕਰਦੇ ਹੋ, ਹੁਣ ਉਹਨਾਂ ਦੇ ਜ਼ਖ਼ਮਾਂ ਤੇ ਮਲ੍ਹਮ-ਪੱਟੀ ਕਰਕੇ ਉਹਨਾਂ ਦਾ ਦਰਦ ਵੀ ਦੂਰ ਕਰਿਆ ਕਰੋ।

**ਹੱਸੇ ਤੇ ਗਲ ਲਾਇਆ ਪਿਆਰਾ ਡਬੀ ਹੱਥ ਫੜਾਈ।**
**ਪਾਣੀ ਨਾਲ ਮਲ੍ਹਮ ਵੀ ਰਖੀਂ ਲੋੜ ਪਈ ਤੇ ਲਾਈਂ।**
**(ਸ਼੍ਰੀ ਸੰਤ ਰਤਨ ਮਾਲ੍ਹਾ)**

ਗੁਰੂ ਗੋਬਿੰਦ ਸਿੰਘ ਜੀ, ਭਾਈ ਘਨ੍ਹਈਆ ਜੀ ਦੀ ਘਾਲ-ਕਮਾਈ ਤੇ ਪ੍ਰਸੰਨ ਹੋ ਕੇ ਆਪਣਾ ਦਸਤੀ ਰੁਮਾਲ ਬਖ਼ਿਸ਼ਸ਼ ਕਰਕੇ ਕਿਹਾ ਕਿ ਇਸ ਨਾਲ ਜ਼ਖ਼ਮੀਆਂ ਦਾ ਮੂੰਹ ਵੀ ਸਾਫ਼ ਕਰ ਦਿਆ ਕਰਨਾ। ਭਾਈ ਘਨ੍ਹਈਆ ਜੀ ਨੂੰ ਸਾਰੇ ਸਾਧੂ ਜਾਣਨ ਲੱਗ ਪਏ। ਉਹ ਜਿੱਥੋਂ ਲੰਘਦੇ, ਲੋਕ ਨਮਸਕਾਰ ਕਰਦੇ। ਸ਼੍ਰੀ ਸੰਤ ਰਤਨ ਮਾਲ੍ਹਾ ਵਿੱਚ ਇਸ ਤਰ੍ਹਾਂ ਲਿਖਿਆ ਹੈ। "ਭਾਈ ਘਨ੍ਹਈਆ ਸਿੰਘਾਂ ਤੇ ਤੁਰਕਾਂ ਬੀਚ ਵੀ ਵਿਚਰਦੇ। ਕੋਈ ਇਸ ਕੋ ਅਟਕਾਵੈ ਨਾਹੀ। ਨਿਸੰਗ ਹੀ



ਫਿਰੇ। ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣ ਕੇ ਸਭੀ ਨਮਸਕਾਰ ਕਰੈ, ਕੋਈ ਇਸ ਕੋ ਦੁਖਾਵੈ ਨਾਹੀ।"

ਭਾਈ ਘਨ੍ਹਈਆ ਜੀ ਤੋਂ ਉਤਸ਼ਾਹਤ ਹੋ ਕੇ ਕਈ ਹੋਰ ਸਿੱਖ ਵੀ ਮੈਦਾਨੇ ਜੰਗ ਵਿੱਚ ਜਲ ਦੀ ਸੇਵਾ ਤੇ ਮਲ੍ਹਮ-ਪੱਟੀ ਦੀ ਸੇਵਾ ਕਰਦੇ। ਭਾਈ ਘਨ੍ਹਈਆ ਜੀ ਵੱਲੋਂ ਜੰਗੇ ਮੈਦਾਨ ਵਿੱਚ ਕੀਤੀ ਸੇਵਾ ਦਾ ਸੰਕਲਪ ਹੀ ਰੈੱਡਕਰਾਸ ਦੀ ਰੂਹ ਬਣਿਆ। ਭਾਈ ਘਨ੍ਹਈਆ ਜੀ ਤੋਂ ਪ੍ਰਚਲਿਤ 'ਸੇਵਾਪੰਥੀ' ਸੰਪਰਦਾਇ ਹੋਂਦ ਵਿੱਚ ਆਈ, ਜਿਸ ਦੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਵਿੱਚ 42 ਗੁਰਦੁਆਰੇ/ਡੇਰੇ/ਟਿਕਾਣੇ ਹਨ। ਭਾਈ ਘਨ੍ਹਈਆ ਜੀ ਦੀ ਜਨਮ ਤਾਰੀਖ਼ ਦਾ ਪਤਾ ਨਾ ਹੋਣ ਕਰਕੇ ਰੈੱਡਕਰਾਸ ਦੇ ਸੰਕਲਪ ਨੂੰ ਜਨੇਵਾ ਸ਼ਹਿਰ ਦੇ ਹੈਨਰੀ ਡਿਊਨਾਂ ਦੇ ਜਨਮ-ਦਿਨ 8 ਮਈ ਨਾਲ ਜੋੜਿਆ ਗਿਆ ਹੈ।



ਹੈਨਰੀ ਡਿਊਨਾਂ

**ਹੈਨਰੀ ਡਿਊਨਾਂ:-** ਹੈਨਰੀ ਡਿਊਨਾਂ ਦਾ ਜਨਮ 8 ਮਈ 1828 ਈ: ਨੂੰ ਸਵਿਟਜ਼ਰਲੈਂਡ ਦੇਸ਼ ਦੀ ਰਾਜਧਾਨੀ ਜਨੇਵਾ ਵਿੱਚ ਇੱਕ ਉੱਚ ਘਰਾਣੇ ਵਿੱਚ ਹੋਇਆ। ਬਚਪਨ ਵਿੱਚ ਜਿੰਨੀ ਵਿੱਦਿਆ ਪ੍ਰਾਪਤ ਹੋ ਸਕਦੀ ਸੀ, ਪ੍ਰਾਪਤ ਕੀਤੀ। ਡਿਊਨਾਂ ਦਾ ਪਿਤਾ ਜ਼ੀਨ ਜੈਕ ਡਿਊਨਾਂ ਇੱਕ ਸਫਲ ਵਪਾਰੀ ਸੀ। 1853 ਤੋਂ 1858 ਤੱਕ ਉਸ ਨੇ ਇੱਕ ਕੰਪਨੀ ਵਿੱਚ ਨੌਕਰੀ ਕੀਤੀ, ਉਪਰੰਤ ਨੌਕਰੀ ਛੱਡ ਕੇ 31 ਸਾਲ ਦੀ ਉਮਰ ਵਿੱਚ ਆਟਾ ਪੀਸਣ ਦੇ ਕਾਰਖਾਨੇ ਲਾਉਣ ਲਈ ਆਪਣੇ ਮਿੱਤਰਾਂ ਕੋਲੋਂ ਭਾਰੀ ਰਕਮਾਂ ਲੈ ਕੇ ਇੱਕ ਸੁਸਾਇਟੀ ਬਣਾਈ। ਆਟਾ ਪੀਸਣ ਦੇ ਕਾਰਖਾਨੇ ਉਸ ਨੇ ਫਰਾਂਸ ਦੇਸ਼ ਦੇ ਅਧੀਨ ਇਲਾਕੇ ਅਲਜੀਰੀਆ ਵਿੱਚ ਲਾਉਣੇ ਸਨ ਕਿਉਂਕਿ ਉਸ ਇਲਾਕੇ ਵਿੱਚ ਪਾਣੀ ਦੀਆਂ ਆਬਸ਼ਾਰਾਂ ਡਿੱਗਦੀਆਂ ਸਨ। ਉਹਨਾਂ ਆਬਸ਼ਾਰਾਂ ਵਿੱਚੋਂ ਡਿੱਗਣ ਵਾਲੇ ਪਾਣੀ ਦੀ ਸ਼ਕਤੀ ਨਾਲ ਕਾਰਖਾਨੇ ਚੱਲਣੇ ਸਨ। ਇਸ ਕੰਮ ਲਈ ਡਿਊਨਾਂ ਨੂੰ ਫਰਾਂਸ ਦੇ ਬਾਦਸ਼ਾਹ ਕੋਲੋਂ ਆਗਿਆ ਲੈਣ ਦੀ ਲੋੜ ਸੀ।

24 ਜੂਨ 1859 ਈ: ਨੂੰ ਇਟਲੀ ਤੇ ਆਸਟਰੀਆ ਦੋ ਦੇਸ਼ਾਂ ਵਿੱਚ ਸਲਫ਼ਰੀਨੋ ਨਾਂ ਵਾਲੀ ਥਾਂ ਤੇ ਜੰਗ ਹੋ ਰਹੀ ਸੀ। ਜਿਸ ਵਿੱਚ ਇੱਕ ਪਾਸੇ ਇਟਲੀ ਤੇ ਫਰਾਂਸ ਅਤੇ ਦੂਜੇ ਪਾਸੇ ਆਸਟਰੀਆ ਤੇ ਪਰਸ਼ੀਆ ਦੀਆਂ ਫੌਜਾਂ ਸਨ। ਹੈਨਰੀ ਡਿਊਨਾਂ 23 ਜੂਨ ਦੀ ਰਾਤ ਨੂੰ ਯੁੱਧ ਦੇ ਮੈਦਾਨ ਦੇ ਨੇੜੇ ਠਹਿਰਿਆ ਹੋਇਆ ਸੀ, ਪਰ ਉਸ ਨੂੰ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ 15 ਘੰਟੇ ਉਡੀਕ ਕਰਨੀ ਪਈ। ਜੰਗ ਦੇ ਮੈਦਾਨ ਵਿੱਚ ਦੋਵਾਂ ਪਾਸਿਆਂ ਤੋਂ ਹਜ਼ਾਰਾਂ ਸਿਪਾਹੀ ਜ਼ਖ਼ਮੀ ਹੋ ਗਏ ਸਨ, ਜੋ ਚੱਲ ਫਿਰ ਨਹੀਂ ਸਨ ਸਕਦੇ। ਮੈਦਾਨ ਵਿੱਚ ਹੀ ਪਏ ਤੜਪ ਰਹੇ ਸਨ। ਉਹਨਾਂ ਨੂੰ ਦੇਖ ਕੇ ਹੈਨਰੀ ਡਿਊਨਾਂ ਦਾ ਦਿਲ ਤੜਪ ਉੱਠਿਆ। ਉਸ ਨੇ ਨਾਲ ਦੇ ਪਿੰਡ ਦੇ ਲੋਕਾਂ ਦੀ ਸਹਾਇਤਾ ਨਾਲ ਫੱਟੜ ਸੈਨਿਕਾਂ ਨੂੰ ਨੇੜੇ ਦੇ ਹਸਪਤਾਲਾਂ, ਸਕੂਲਾਂ ਅਤੇ ਗਿਰਜਾ ਘਰਾਂ ਵਿੱਚ ਰੱਖ ਕੇ ਉਹਨਾਂ ਦੀ ਕਾਫ਼ੀ ਸਮਾਂ ਸੇਵਾ-ਸੰਭਾਲ ਕੀਤੀ। ਹੈਨਰੀ ਡਿਊਨਾਂ ਨੇ ਆਪਣੇ ਸਹਿਯੋਗੀਆਂ ਤੋਂ ਇਹ ਪ੍ਰਣ ਲਿਆ ਸੀ ਕਿ ਉਹ ਫੱਟੜਾਂ ਦੀ ਸੇਵਾ-ਸੰਭਾਲ ਕਰਦੇ ਸਮੇਂ ਕੌਮਾਂ ਦਾ ਭਿੰਨ-ਭੇਦ ਨਹੀਂ ਕਰਨਗੇ।

ਹੈਨਰੀ ਡਿਊਨਾਂ ਨੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਕਰਦਿਆਂ ਇਹ ਸੋਚਿਆ ਕਿ ਸਾਰੀ ਦੁਨੀਆਂ ਵਿੱਚ ਇੱਕ ਅਜਿਹੀ ਸਮਾਜਿਕ ਜਥੇਬੰਦੀ ਬਣੇ ਜਿਸ ਦੀਆਂ ਦੁਨੀਆਂ ਦੇ ਹਰ ਸ਼ਹਿਰ ਵਿੱਚ ਥਾਂ-ਥਾਂ ਸ਼ਾਖਾਵਾਂ ਹੋਣ ਤੇ ਉਸ ਜਥੇਬੰਦੀ ਦੇ ਮੈਂਬਰ ਇਸ ਕਾਰਜ ਨੂੰ ਮਨੁੱਖੀ ਹਮਦਰਦੀ ਦੇ ਨਾਂ ਤੇ ਕਰਨ। 31 ਸਾਲ ਦੀ ਉਮਰ ਵਿੱਚ ਡਿਊਨਾਂ ਨੇ ਜ਼ਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰ ਲਈ ਆਪਣਾ ਜੀਵਨ ਅਰਪਣ ਕਰ ਦਿੱਤਾ। ਉਸ ਦੇ ਪਿੱਛੋਂ ਉਹ ਆਪਣੇ ਘਰ ਵੱਲ ਨਹੀਂ ਮੁੜਿਆ। ਉਹ ਸਰਬ-ਸਾਂਝੀ ਰੈੱਡਕਰਾਸ ਦੀ ਸਥਾਪਨਾ ਦੇ ਕੰਮ ਵਿੱਚ ਜੁੱਟ ਗਿਆ। ਉਸ ਨੇ ਇੱਕ ਪੁਸਤਕ 'ਸਲਫਰੀਨੋ ਦੀ ਯਾਦ' ਵੀ ਲਿਖੀ। ਹੈਨਰੀ ਡਿਊਨਾਂ ਦੀ ਪੁਸਤਕ ਨੂੰ ਪੜ੍ਹ ਕੇ ਸਵਿਟਜ਼ਰਲੈਂਡ ਦੇ ਲੋਕ ਉਸ ਨਾਲ ਆ ਜੁੜੇ। 1863 ਵਿੱਚ ਰੈੱਡਕਰਾਸ ਲਹਿਰ ਦਾ ਜਨਮ ਹੋਇਆ। 1867 ਵਿੱਚ ਡਿਊਨਾਂ ਨੇ ਰੈੱਡਕਰਾਸ ਦੀ ਕੌਮਾਂਤਰੀ ਕਮੇਟੀ ਦੇ ਸਕੱਤਰ ਵਜੋਂ ਅਸਤੀਫਾ ਦੇ ਦਿੱਤਾ, ਜੋ ਪ੍ਰਵਾਨ ਕਰ ਲਿਆ ਗਿਆ। 1901 ਵਿੱਚ ਹੈਨਰੀ ਡਿਊਨਾਂ ਨੂੰ ਨਾਰਵੇ ਦੀ ਸਰਕਾਰ ਦੁਆਰਾ ਪਹਿਲਾ 'ਨੋਬਲ ਪੁਰਸਕਾਰ' ਦਿੱਤਾ ਗਿਆ, ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖ਼ਰਚਣ ਦੀ ਵਸੀਅਤ ਕਰਾ ਦਿੱਤੀ।

49 ਸਾਲ ਉਹ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਆਪਣੇ ਖ਼ਿਆਲ ਦੇ ਪ੍ਰਚਾਰ ਲਈ ਫਿਰਦਾ ਰਿਹਾ। 80 ਸਾਲ ਦੀ ਉਮਰ ਵਿੱਚ ਸੰਨ 1908 ਈ: ਨੂੰ ਜਦ ਹੈਨਰੀ ਡਿਊਨਾਂ ਆਪਣੇ ਜਨਮ ਦੇ ਸ਼ਹਿਰ ਜਨੇਵਾ ਪਹੁੰਚਿਆ ਤਾਂ ਉਸ ਨੇ ਪੁਰਾਣੇ ਘਸੇ ਹੋਏ ਮਾਮੂਲੀ ਕੱਪੜੇ ਪਹਿਨੇ ਹੋਏ ਸਨ। ਉਸ ਦੇ ਚਿਹਰੇ 'ਤੇ ਭਰਵੀ ਲੰਮੀ ਦਾਹੜੀ ਆਈ ਹੋਈ ਸੀ। 30 ਅਕਤੂਬਰ 1910 ਈ: ਨੂੰ 82 ਸਾਲ ਦੀ ਉਮਰ ਵਿੱਚ ਹੈਨਰੀ ਡਿਊਨਾਂ ਦਾ ਹੇਡਨ ਹਸਪਤਾਲ ਵਿੱਚ ਦਿਹਾਂਤ ਹੋ ਗਿਆ।

ਅੱਜ-ਕੱਲ੍ਹ ਜੰਗ ਯੁੱਧ ਦੇ ਸਮੇਂ ਹੁਣ ਰਣ-ਖੇਤਰ ਵਿੱਚ ਵੱਖ-ਵੱਖ ਸੁਸਾਇਟੀਆਂ ਜ਼ਖ਼ਮੀ ਲੋਕਾਂ ਦੀ ਮਲ੍ਹਮ-ਪੱਟੀ ਕਰਦੀਆਂ ਹਨ ਤੇ ਹੋਰ ਡਾਕਟਰੀ ਸਹਾਇਤਾ ਦਿੰਦੀਆਂ ਹਨ। ਜਿਨ੍ਹਾਂ ਨੂੰ ਰੈੱਡਕਰਾਸ ਦਾ ਨਾਂਅ ਦਿੱਤਾ ਜਾਂਦਾ ਹੈ ਕਿਉਂਕਿ ਲਾਲ ਰੰਗ ਵਿੱਚ ਜਮ੍ਹਾਂ (+) ਦੇ ਨਿਸ਼ਾਨ ਨੂੰ ਅਪਣਾ ਕੇ ਦੇਸ਼ ਨੇ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਮਾਨਤਾ ਦਿੱਤੀ ਹੋਈ ਹੈ। ਕੁਝ ਲੇਖਕਾਂ, ਵਿਦਵਾਨਾਂ ਦਾ ਕਹਿਣਾ ਹੈ ਕਿ ਰੈੱਡਕਰਾਸ ਦਾ ਬਾਨੀ ਹੈਨਰੀ ਡਿਊਨਾਂ ਹੈ ਜਦ ਕਿ ਸੇਵਾ ਦੇ ਪੁੰਜ ਭਾਈ ਘਨ੍ਹਈਆ ਜੀ ਨੇ 155 ਸਾਲ ਪਹਿਲਾਂ (1704) ਵਿੱਚ ਹੀ ਰੈੱਡਕਰਾਸ ਦਾ ਨੀਂਹ-ਪੱਥਰ ਰੱਖ ਦਿੱਤਾ ਸੀ। ਰੈੱਡਕਰਾਸ ਦਾ ਅਸਲੀ ਬਾਨੀ ਭਾਈ ਘਨ੍ਹਈਆ ਹੀ ਹੈ। ਉਹਨਾਂ ਨੇ 18ਵੀਂ ਸਦੀ ਦੇ ਸ਼ੁਰੂ ਵਿੱਚ ਇਹ ਸੇਵਾ ਕਰ ਵਿਖਾਈ ਜਿਸ ਦੀ ਲੋੜ ਸੰਸਾਰ ਦੇ ਕਈ ਦੇਸ਼ਾਂ ਨੇ ਮਿਲ ਕੇ 19 ਵੀਂ ਸਦੀ ਦੇ ਅੱਧ ਵਿੱਚ ਮਹਿਸੂਸ ਕੀਤੀ। ਪ੍ਰੋ: ਪ੍ਰਕਾਸ਼ ਸਿੰਘ ਅਨੁਸਾਰ ਸੰਸਾਰ ਦੇ ਇਤਿਹਾਸ ਵਿੱਚ ਸ਼ਾਇਦ ਕੁਝ ਅਜਿਹੇ ਵਿਅਕਤੀ ਲੱਭ ਪੈਣ ਜਿਨ੍ਹਾਂ ਨੇ ਜੰਗ ਦੇ ਸਮੇਂ ਫੱਟੜਾਂ, ਰੋਗੀਆਂ ਤੇ ਲੋੜਵੰਦਾਂ ਦੀ ਤਨੋਂ ਮਨੋਂ ਸੇਵਾ ਕੀਤੀ ਹੋਵੇ ਜਿਵੇਂ ਕਿ ਫਲੋਰੈਂਸ ਨਾਈਟਿੰਗੇਲ (1820-1910) ਜੋ ਕ੍ਰਿਸ਼ਚੀਅਨ ਹਸਪਤਾਲ ਦੀ ਨਰਸ ਸੀ ਪਰ ਭਾਈ ਘਨ੍ਹਈਆ ਜੀ ਵਰਗੀ ਸਮਦ੍ਰਿਸ਼ਟੀ ਨਾਲ ਨਿਰਪੱਖ, ਨਿਸ਼ਕਪਟ ਤੇ ਨਿਰਛਲ ਸੇਵਾ ਕਿਸੇ ਨੇ ਨਹੀਂ ਕੀਤੀ। ਭਾਈ ਘਨ੍ਹਈਆ ਜੀ ਨੇ ਇਹ ਬੇਮਿਸਾਲ ਸੇਵਾ ਉਦੋਂ ਕਰ ਵਿਖਾਈ ਜਦੋਂ ਸੰਸਾਰ ਵਿੱਚ ਇਸ ਪੱਖੋਂ ਅਜੇ ਜਾਗ੍ਰਿਤੀ ਨਹੀਂ ਸੀ ਆਈ। ਅੱਜ ਜੰਗੀ ਸ਼ਹੀਦਾਂ, ਕੈਦੀਆਂ, ਜ਼ਖ਼ਮੀਆਂ, ਕੁਦਰਤੀ ਤੇ ਗੈਰ ਕੁਦਰਤੀ ਆਫ਼ਤਾਂ ਦੀ ਮਾਰ ਹੇਠ ਆਏ ਲੋਕਾਂ ਦੀ ਸੇਵਾ ਸੰਭਾਲ ਰੈੱਡਕਰਾਸ ਹੀ ਕਰਦੀ ਹੈ।

ਸੋ ਅੱਜ ਲੋੜ ਹੈ ਸਮੁੱਚੇ ਸੰਸਾਰ ਵਿੱਚ ਭਾਈ ਘਨ੍ਹਈਆ ਰਾਮ ਤੇ ਹੈਨਰੀ ਡਿਊਨਾਂ ਦੇ ਪਦ-ਚਿੰਨ੍ਹਾਂ ਤੇ ਚੱਲਦੇ ਹੋਏ ਭਾਈ ਘਨ੍ਹਈਆ ਸੇਵਾ ਸੁਸਾਇਟੀਆਂ, ਭਾਈ ਘਨ੍ਹਈਆ ਸੇਵਾ ਮਿਸ਼ਨ, ਰੈੱਡਕਰਾਸ ਸੰਸਥਾਵਾਂ ਤੇ ਹੋਰ ਸਮਾਜ-ਸੇਵੀ ਸੰਸਥਾਵਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਮਰੀਜ਼ਾਂ ਤੇ ਲੋੜਵੰਦਾਂ ਦੀ ਸੇਵਾ ਕਰਨ ਦੀ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।**

### ਰਾਮਗੜ੍ਹੀਆ ਬਰਾਦਰੀ ਵਲੋਂ ਜੱਥੇਦਾਰ ਜਸਾ ਸਿੰਘ ਰਾਮਗੜ੍ਹੀਆ ਦਾ

## 302 ਸਾਲਾਂ ਜਨਮ ਦਿਹਾੜਾ ਉਤਸ਼ਾਹ ਨਾਲ ਮਨਾਇਆ ਗਿਆ

ਨਵੀਂ ਦਿੱਲੀ 7 ਮਈ (ਮਨਪ੍ਰੀਤ ਸਿੰਘ ਖਾਲਸਾ):- ਰਾਮਗੜ੍ਹੀਆ ਬਰਾਦਰੀ ਵਲੋਂ ਜੱਥੇਦਾਰ ਜਸਾ ਸਿੰਘ ਰਾਮਗੜ੍ਹੀਆ ਦਾ 302 ਸਾਲਾਂ ਜਨਮ ਦਿਹਾੜਾ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਯੂਪੀਐਸਸੀ ਵਿਚ 162 ਵੀਂ ਰੈਂਕ ਤੇ ਆਉਣ ਵਾਲੇ ਅੰਗਦ ਸਿੰਘ ਦਾ ਵਿਸ਼ੇਸ ਤੌਰ ਤੇ ਸਨਮਾਨ ਕੀਤਾ ਗਿਆ। ਰਾਮਗੜ੍ਹੀਆ ਬੈਂਕ ਦੇ ਚੇਅਰਮੈਨ ਅਤੇ ਦਿੱਲੀ ਗੁਰਦੁਆਰਾ ਕਮੇਟੀ ਮੈਂਬਰ ਬੀਬੀ ਰਣਜੀਤ ਕੌਰ ਨੇ ਦਸਿਆ ਕਿ ਮਹਾਰਾਜਾ ਜੱਸਾ ਸਿੰਘ ਦਾ ਜਨਮ 5 ਮਈ 1723 ਨੂੰ ਮਾਤਾ ਗੰਗੋ ਜੀ ਦੇ ਗ੍ਰਹਿ ਵਿਖੇ ਹੋਇਆ ਅਤੇ ਇਹ ਪੰਜ ਭਰਾ ਸਨ। ਪਿਤਾ ਜੀ ਨੇ ਧਾਰਮਿਕ ਵਿਦਿਆ ਦੇ ਨਾਲੋ-ਨਾਲ ਆਪਣੇ ਪੁੱਤਰਾਂ ਨੂੰ ਸ਼ਸਤਰ ਵਿਦਿਆ ਵਿਚ ਵੀ ਨਿਪੁੰਨ ਕੀਤਾ। ਮਹਾਰਾਜਾ ਜੱਸਾ ਸਿੰਘ ਹੋਰਾਂ ਦਾ ਲੰਬਾ ਕੱਦ, ਚੌੜਾ ਮੱਥਾ ਤੇ ਦਰਸ਼ਨੀ ਸੂਰਤ ਸੀ। ਉਹ ਵੱਡੇ ਤੋਂ ਵੱਡੇ ਸੰਕਟ ਸਮੇਂ ਵੀ ਬਾਣੀ ਦੇ ਓਟ ਆਸਰੇ ਸਥਿਰ ਰਹਿੰਦੇ ਸਨ। ਮਹਾਰਾਜਾ ਜੱਸਾ ਸਿੰਘ ਨੇ ਆਪਣੀ ਪਹਿਲੀ ਲੜਾਈ 15 ਸਾਲ ਦੀ ਉਮਰ ਵਿਚ ਵਜ਼ੀਰਾਬਾਦ ਨੇੜੇ ਨਾਦਰ ਸ਼ਾਹ ਵਿਰੁੱਧ ਲੜੀ। ਇਸੇ ਲੜਾਈ ਵਿਚ ਪਿਤਾ ਗਿਆਨੀ ਭਗਵਾਨ ਸਿੰਘ ਸ਼ਹੀਦ ਹੋਏ। ਉਹ ਲੜਾਈ ਨਾਦਰਸ਼ਾਹ ਦੇ ਸਿੱਖ ਕੌਮ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਬਦਲਾ ਲੈਣ ਲਈ ਸੀ। ਮੀਰ ਮੰਨੂ ਨੇ ਜਦੋਂ ਰਾਮ ਰੌਣੀ 'ਤੇ ਹਮਲਾ ਕੀਤਾ ਤਾਂ ਜੱਸਾ ਸਿੰਘ ਨੇ ਉਸ ਨੂੰ ਹਰਾਇਆ। ਇਸ ਜਿੱਤ ਪਿੱਛੋਂ ਕਿਲ੍ਹੇ ਦਾ ਨਾਮ ਰੌਣੀ ਦੀ ਥਾਂ 'ਰਾਮਗੜ੍ਹ' ਰੱਖ ਦਿੱਤਾ ਗਿਆ। ਪੰਥ ਨੇ ਜੱਸਾ ਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਬਣਾ ਦਿੱਤਾ। ਮਹਾਰਾਜਾ ਜੱਸਾ ਸਿੰਘ ਹੋਰਾਂ ਬਟਾਲੇ ਦੇ ਸਾਰੇ ਇਲਾਕੇ 'ਤੇ ਕਬਜ਼ਾ ਕਰ ਕੇ ਆਪਣੀ ਮਿਸਲ ਦਾ ਰਾਜ ਸਥਾਪਤ ਕਰ ਲਿਆ ਅਤੇ ਸ੍ਰੀ ਹਰਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ। ਹੌਲੀ-ਹੌਲੀ ਕਾਂਗੜੇ ਤੀਕ ਸਾਰਾ ਪਹਾੜੀ ਇਲਾਕਾ ਵੀ ਉਨ੍ਹਾਂ ਦੇ ਰਾਜ ਦਾ ਹਿੱਸਾ ਬਣ ਗਿਆ। ਇੰਝ ਰਾਮਗੜ੍ਹੀਆ ਰਿਆਸਤ ਰਾਵੀ ਤੇ ਬਿਆਸ ਵਿਚਕਾਰਲੇ ਸਾਰੇ ਇਲਾਕੇ ਦੀ ਮਾਲਕ ਬਣ ਗਈ। ਅਹਿਮਦ ਸ਼ਾਹ ਦੀ ਕੈਦ 'ਚੋਂ ਵੱਡੀ ਗਿਣਤੀ ਲੜਕੀਆਂ ਬਚਾਉਣ ਵਾਲਾ ਵੀ ਇਹ ਹੀ ਜਰਨੈਲ ਸੀ। ਦਿੱਲੀ ਦੇ ਲਾਲ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਨੂੰ ਝੁਲਾਉਣ ਦਾ ਮਾਣ ਵੀ ਜੱਸਾ ਸਿੰਘ ਰਾਮਗੜ੍ਹੀਆ ਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਰਾਮਗੜ੍ਹੀਆ ਰਿਆਸਤ ਕਾਇਮ ਕੀਤੀ ਤੇ ਇਸ ਨੂੰ ਇਕ ਨਮੂਨੇ ਦਾ ਰਾਜ ਬਣਾਇਆ। ਉਨ੍ਹਾਂ ਦੇ ਰਾਜ ਵਿਚ ਪੂਰਨ ਅਮਨ-ਚੈਨ ਸੀ, ਵਸਤਾਂ ਸਸਤੀਆਂ ਸਨ ਅਤੇ ਪਰਜਾ ਹਰ ਪੱਖੋਂ ਸੁਖੀ ਸੀ। ਜਿੱਥੇ ਉਹ ਬੁੱਧੀ, ਬਾਹੂਬਲ ਅਤੇ ਬੀਰਤਾ ਵਿਚ ਸਭ ਤੋਂ ਅੱਗੇ ਸਨ, ਉਥੇ ਨਿਮਰਤਾ ਅਤੇ ਦਿਆਲੂਪਣਾ ਵੀ ਉਨ੍ਹਾਂ ਦੇ ਜੀਵਨ ਦਾ ਅੰਗ ਸਨ। ਇਸ ਮੌਕੇ ਰਾਮਗੜ੍ਹੀਆ ਬੈਂਕ ਦੇ ਡਾਇਰੈਕਟਰ, ਮੈਂਬਰ, ਰਾਮਗੜ੍ਹੀਆ ਬੋਰਡ, ਟੀਮ ਆਰ.ਬੀ.ਡੀ, ਆਲ ਇੰਡੀਆ ਰਾਮਗੜ੍ਹੀਆ ਫੈਡਰੇਸ਼ਨ ਦੇ ਪ੍ਰਧਾਨ ਸਰਦਾਰ ਸੁਖਦੇਵ ਸਿੰਘ ਰਾਇਤ ਅਤੇ ਸ਼੍ਰੋਮਣੀ ਸਿੱਖ ਸੰਗਤ ਦੇ ਮੈਂਬਰ ਦੇ ਨਾਲ ਵਡੀ ਗਿਣਤੀ ਵਿਚ ਸੰਗਤਾਂ ਹਾਜਿਰ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV

## ਸਰਨਾ ਵੱਲੋਂ ਰਕਾਬ ਗੰਜ ਸਾਹਿਬ ਵਿੱਚ ਹੋਏ ਨੈਤਿਕ ਪਤਨ ਮਾਮਲੇ 'ਤੇ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਕੀਤੀ ਨਿੰਦਾ

**ਨਵੀਂ ਦਿੱਲੀ 7 ਮਈ (ਮਨਪ੍ਰੀਤ ਸਿੰਘ ਖਾਲਸਾ):-**ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ੍ਰੀ ਰਕਾਬ ਗੰਜ ਸਾਹਿਬ ਵਿੱਚ ਹੋਈਆਂ ਕਥਿਤ ਨੈਤਿਕ ਪਤਨ ਦੀਆਂ ਰਿਪੋਰਟਾਂ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਉੱਤੇ ਤਿੱਖੀ ਟਿੱਪਣੀ ਕੀਤੀ ਹੈ ਅਤੇ ਇਸਨੂੰ ਕਲਕਾ-ਸਿਰਸਾ ਦੇ ਦਸ ਸਾਲਾ ਰਾਜ ਦੌਰਾਨ "ਗਿਰਾਵਟ ਦੀ ਇੱਕ ਨਵੀਂ ਹੱਦ" ਕਰਾਰ ਦਿੱਤਾ ਹੈ। ਇਹ ਸ਼ਰਮਨਾਕ ਘਟਨਾ, ਜੋ ਸੀਸੀ ਟੀਵੀ ਅਤੇ ਮੋਬਾਈਲ ਕੈਮਰਿਆਂ ਦੀ ਪੂਰੀ ਨਿਗਰਾਨੀ ਹੇਠ ਵਾਪਰੀ, ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਨਾਲ ਜੁੜੀ ਬਦਨਾਮੀ ਤੋਂ ਵੀ ਵਧ ਕੇ ਹੈ, ਸਰਦਾਰ ਸਰਨਾ ਨੇ ਕਿਹਾ ਕਿ ਉਨ੍ਹਾਂ ਨੇ ਇਹ ਗੱਲ ਗੁਰਦੁਆਰਾ ਸੁਧਾਰ ਲਹਿਰ ਤੋਂ ਪਹਿਲਾਂ ਦੇ ਇਕ ਮਹੰਤ ਦੀ ਗੁਰਦੁਆਰਿਆਂ ਦੀ ਦੁਰਵਰਤੋਂ ਵੱਲ ਇਸ਼ਾਰਾ ਕਰਦੇ ਹੋਏ ਕਹੀ। ਸਰਨਾ ਨੇ ਹਰਮੀਤ ਸਿੰਘ ਕਲਕਾ ਅਤੇ ਉਨ੍ਹਾਂ ਦੇ ਅਸਲ ਮਾਲਕ ਮਨਜਿੰਦਰ ਸਿੰਘ ਸਿਰਸਾ 'ਤੇ ਨੈਤਿਕ ਪਤਨ ਦੀ ਅਗਵਾਈ ਕਰਨ ਦਾ ਇਲਜ਼ਾਮ ਲਾਇਆ। ਉਨ੍ਹਾਂ ਕਿਹਾ, ਇਹੋ ਜਿਹੀ ਘਟਨਾ ਦਸ ਸਾਲ ਤੱਕ ਉਨ੍ਹਾਂ ਦੀ ਨਿਗਰਾਨੀ ਹੇਠ ਵਧਦੀ ਫੁੱਲਦੀ ਰਹੀ, ਇਹ ਸਿਰਫ ਲਾਪਰਵਾਹੀ ਨਹੀਂ ਸਗੋਂ ਪੂਰੀ ਨਾਕਾਮੀ ਨੂੰ ਦਰਸਾਉਂਦੀ ਹੈ। ਉਨ੍ਹਾਂ ਕਲਕਾ ਤੋਂ ਜਵਾਬਦੇਹੀ ਦੀ ਮੰਗ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਰਵਾਇਤੀ ਬਿਆਨਾਂ ਨਾਲ ਗੱਲ ਨਹੀਂ ਬਣੇਗੀ। ਜੇਕਰ ਉਨ੍ਹਾਂ ਵਿੱਚ ਨੈਤਿਕਤਾ ਦਾ ਥੋੜ੍ਹਾ ਜਿਹਾ ਅੰਸ਼ ਵੀ ਬਾਕੀ ਹੈ, ਤਾਂ ਉਨ੍ਹਾਂ ਨੂੰ ਤੁਰੰਤ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ।



ਆਵਾਜ਼ਿ ਕੌਮ AWAZE QAUM
International Newspaper & WEB TV


ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥
ਆਵਾਜ਼ਿ ਕੌਮ AWAZE QAUM International Newspaper & WEB TV
ਸੱਚਖੰਡ ਵਾਸੀ ਸ਼੍ਰੀਮਾਨ ਸੰਤ ਗਿਆਨੀ ਇੰਦਰਜੀਤ ਸਿੰਘ ਜੀ
ਰਕਬੇ ਵਾਲਿਆਂ ਦਾ
ਦੁਸਹਿਰਾ ਸਮਾਗਮ
ਮਿਤੀ 8 ਮਈ 2025 ਦਿਨ ਵੀਰਵਾਰ
(ਸਵੇਰੇ 10 ਤੋਂ 12 ਵਜੇ ਤੱਕ)
ਨਿਰਮਲ ਬੁੰਗਾ ਸ਼੍ਰੀਮਾਨ ਸੰਤ ਬ੍ਰਹਮ ਗਿਆਨੀ ਚੇਤਨ ਬਿਲਾਸ ਹਰੀ ਜੀ 'ਖਾਲਸਾ'
ਪਿੰਡ ਸਹੌੜਾਂ, ਤਹਿਸੀਲ ਖਰੜ (ਜਿਲ੍ਹਾ ਮੋਹਾਲੀ)
ਵਿਖੇ ਕਰਵਾਇਆ ਜਾ ਰਿਹਾ ਹੈ।
ਸਮੂਹ ਸੰਗਤਾਂ ਨੇ ਦੁਸਹਿਰਾ ਸਮਾਗਮ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
-: ਬੇਨਤੀ ਕਰਤਾ :-
ਗੁਰੂ ਪੰਥ ਦਾ ਦਾਸ , ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ (ਪ੍ਰਧਾਨ ਸੰਤ ਸਮਾਜ),
ਭਾਈ ਜੋਗਾ ਸਿੰਘ ਜੀ , ਭਾਈ ਤਾਰਾ ਸਿੰਘ ਜੀ, ਭਾਈ ਹਰਬੰਸ ਸਿੰਘ ਜੀ,
ਭਾਈ ਗੁਰਪਿੰਦਰ ਸਿੰਘ ਜੀ, ਭਾਈ ਲਾਭ ਸਿੰਘ ਜੀ ਅਤੇ ਭਾਈ ਸਿਮਰਨਜੀਤ ਸਿੰਘ ਜੀ ।

### ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕਰਵਾਈ ਮੌਕ ਡਰਿੱਲ- ਡਿਪਟੀ ਕਮਿਸ਼ਨਰ

# ਰੇਲਵੇ ਸਟੇਸ਼ਨ, ਮਿੱਤਲ ਮਾਲ ਅਤੇ ਐਨਐਫਐਲ ਵਿਖੇ ਮੌਕ ਡਰਿੱਲ ਅਭਿਆਸ ਰਿਹਾ ਸਫਲ







**ਬਠਿੰਡਾ, 7 ਮਈ (ਗੁਰਜੰਟ ਸਿੰਘ ਨਥੇਹਾ)**- ਭਾਰਤ ਸਰਕਾਰ ਵਲੋਂ ਜਾਰੀ ਹਦਾਇਤਾਂ ਦੇ ਮੱਦੇਨਜ਼ਰ ਭਵਿੱਖ ਵਿੱਚ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਅੱਜ ਇਥੇ ਸਥਾਨਕ ਰੇਲਵੇ ਸਟੇਸ਼ਨ, ਮਿੱਤਲ ਮਾਲ ਅਤੇ ਨੈਸ਼ਨਲ

ਆਵਾਜ਼ਿ ਕੌਮ AWAZE QAUM International Newspaper & WEB TV

ਫਰਟੀਲਾਈਜ਼ਰ ਲਿਮਟਿਡ (ਐਨਐਫਐਲ) ਵਿਖੇ ਮੌਕ ਡਰਿੱਲ ਅਭਿਆਸ ਕਰਵਾਏ ਗਏ, ਜੋ ਕਿ ਸਫਲਤਾਪੂਰਵਕ ਰਹੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਮੌਕ ਡਰਿੱਲ ਤੇ ਬਲੈਕ ਆਊਟ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਿਰਫ ਇੱਕ ਅਭਿਆਸ ਪ੍ਰਕਿਰਿਆ ਹੈ ਜੋ ਫੰਕਸ਼ਨਲਟੀ ਅਤੇ ਸਾਊਡ ਚੈੱਕ ਕਰਨ ਲਈ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਕਿਹਾ ਕਿ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਉਹਨਾਂ ਕਿਹਾ ਕਿ ਇਸ ਮੌਕ ਡਰਿੱਲ ਦਾ ਮੁੱਖ ਮੰਤਵ ਭਵਿੱਖ ਵਿੱਚ ਸੰਕਟਕਾਲ ਨਾਲ ਕਿਵੇਂ ਨਜਿੱਠਣਾ ਹੈ, ਇਸ ਸਬੰਧੀ ਸਿਵਲ ਡਿਫੈਂਸ, ਮੈਡੀਕਲ ਟੀਮਾਂ, ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਮੌਕ ਡਰਿੱਲ ਕਰਵਾ ਕੇ ਟਰੇਨਿੰਗ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸੰਕਟ ਆਉਂਦਾ ਹੈ ਤਾਂ ਕਿਸੇ ਕਿਸਮ ਦੀ ਘਬਰਾਉਣ ਦੀ ਜ਼ਰੂਰਤ ਨਹੀਂ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਵਿੱਖ ਵਿੱਚ ਜਦੋਂ ਵੀ ਅਜਿਹਾ ਸਾਇਰਨ ਵੱਜੇ ਤਾਂ ਉਸ ਤੋਂ ਬਾਅਦ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿਕਲ ਕੇ ਕਿਸੇ ਜ਼ਮੀਨ ਜਾਂ ਜਮੀਨ ਦੋਜ ਟਿਕਾਣੇ ਉੱਤੇ ਪਹੁੰਚ ਜਾਣ, ਜੇਕਰ ਉਹਨਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰਖਤ ਦੇ ਹੇਠਾਂ ਬੈਠ ਜਾਣ, ਜੋ ਲੋਕ ਇਮਾਰਤਾਂ ਦੇ ਵਿੱਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਮੇਂ ਦੌਰਾਨ ਸੜਕ 'ਤੇ ਚਲਦੇ ਰਾਹਗੀਰ ਜਾਂ ਗੱਡੀਆਂ ਵੱਲੋਂ ਐਮਰਜੈਂਸੀ ਵਹੀਕਲ, ਜਿੰਨਾ ਵਿੱਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ, ਨੂੰ ਤੁਰੰਤ ਰਸਤਾ ਦਿੱਤਾ ਜਾਵੇ। ਇਸ ਮੌਕ ਡਰਿੱਲ ਮੌਕੇ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਤੋਂ ਇਲਾਵਾ ਐਨਡੀਆਰਐਫ, ਐਨਸੀਸੀ ਕੈਡਿਟ ਤੇ ਯੁਵਕ ਸੇਵਾਵਾਂ ਦੇ ਮੈਂਬਰਾਂ ਵਲੋਂ ਸ਼ਮੂਲੀਅਤ ਕਰਕੇ ਆਪਣੀਆਂ ਸੇਵਾਵਾਂ ਬਾਖੂਬੀ ਨਿਭਾਈਆਂ ਗਈਆਂ।

### ਭਾਈ ਕੁਲਵੰਤ ਸਿੰਘ ਆਰਿਫਕੇ ਦੇ 1984 ਦੇ ਘੱਲੂਘਾਰੇ ਵਿਚ

# ਪਿਤਾ ਦੋ ਭਰਾ ਦੀ ਯਾਦ ਵਿਚ ਬਰਸੀ ਸਮਾਗਮ 11 ਮਈ ਨੂੰ

ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਭਾਈ ਕੁਲਵੰਤ ਸਿੰਘ ਆਰਿਫਕੇ ਦੇ 1984 ਦੇ ਘੱਲੂਘਾਰੇ ਵਿਚ ਪਿਤਾ ਸ਼ਹੀਦ ਭਾਈ ਸੁੱਜਾ ਸਿੰਘ ਦੋ ਭਰਾ ਸ਼ਹੀਦ ਭਾਈ ਸੁਖਦੇਵ ਸਿੰਘ, ਸ਼ਹੀਦ ਭਾਈ ਜੰਗੀਰ ਸਿੰਘ ਨੂੰ ਪੰਜਾਬ ਪੁਲਿਸ ਨੇ ਕੋਹ—ਕੋਹ ਕੇ ਮਾਰ ਦਿੱਤਾ। ਇਹ ਜਾਣਕਾਰੀ ਭਾਈ ਕੁਲਵੰਤ ਸਿੰਘ ਆਰਿਫਕੇ ਨੇ ਦੱਸਿਆ ਕਿ ਮੇਰੇ ਪਿਤਾ ਸ਼ਹੀਦ ਭਾਈ ਸੁੱਜਾ ਸਿੰਘ ਅਤੇ ਮੇਰੇ ਦੋ ਭਰਾ ਸ਼ਹੀਦ ਭਾਈ ਸੁਖਦੇਵ ਸਿੰਘ ਅਤੇ ਸ਼ਹੀਦ ਭਾਈ ਜੰਗੀਰ ਸਿੰਘ ਨੂੰ ਪੰਜਾਬ ਪੁਲਿਸ ਨੇ ਆਪਣੀਆਂ ਫੀਤੀਆਂ ਲਾਉਣ ਲਈ ਪਰਿਵਾਰਾਂ ਦੇ ਪਰਿਵਾਰ ਚੁੱਕ—ਚੁੱਕ ਮਾਰ ਦਿੱਤੇ। ਭਾਈ ਕੁਲਵੰਤ ਸਿੰਘ ਆਰਿਫਕੇ ਨੇ ਅੱਗੇ ਦੱਸਿਆ ਕਿ ਮੇਰੇ ਭਰਾ ਸ਼ਹੀਦ ਭਾਈ ਸੁਖਦੇਵ ਸਿੰਘ ਨੂੰ ਪਹਿਲਾ ਪੁਲਿਸ ਨੇ ਫੜਿਆ ਅਤੇ ਫਿਰ ਪਿੰਡ ਵਿਚ ਮੁਕਾਬਲਾ ਬਣਾ ਕੇ ਮਾਰ ਦਿੱਤਾ ਅਤੇ ਫਿਰ ਮੇਰੇ ਭਰਾ ਜੰਗੀਰ ਸਿੰਘ ਅਤੇ ਮੇਰਾ ਬਾਪ ਸੁੱਜਾ ਸਿੰਘ ਜੇਲ੍ਹ ਵਿਚ ਬੰਦ ਸੀ, ਉਨ੍ਹਾਂ ਨੂੰ ਵੀ ਪੁਲਿਸ ਵੱਲੋਂ ਬਾਹਰ ਕੱਢ ਕੇ ਸ਼ਹੀਦ ਕਰ ਦਿੱਤਾ ਅਤੇ ਸਾਨੂੰ ਕਈ ਵਾਰ ਜੇਲ੍ਹ ਵਿਚ ਬੰਦ ਰੱਖਿਆ ਅਤੇ ਪੁਲਿਸ ਨੇ ਮੈਨੂੰ ਵੀ ਬਹੁਤ ਸਾਰੇ ਤਸੀਹੇ ਦਿੱਤੇ ਅਤੇ ਸਾਡੇ ਪਰਿਵਾਰ ਨੂੰ ਵੀ ਬਹੁਤ ਸਾਰੇ ਤਸੀਹੇ ਦਿੱਤੇ, ਜਿਸ ਕਰਕੇ ਅਸੀਂ ਡਰਦੇ ਮਾਰੇ ਅਸੀਂ ਆਪਣਾ ਘਰ—ਬਾਰ ਛੱਡ ਕੇ ਆਪਣੀਆਂ ਰਿਸ਼ਤੇਦਾਰੀਆਂ ਵਿਚ ਰੁਲਦੇ ਸੀ ਅਤੇ ਰਿਸ਼ਤੇਦਾਰ ਵੀ ਸਾਨੂੰ ਰੱਖਦੇ ਸੀ ਕਿ ਕਿਤੇ ਸਾਨੂੰ ਵੀ ਪੁਲਿਸ ਫੜ ਕੇ ਸਾਡੇ ਉਪਰ ਵੀ ਕੇਸ ਨਾ ਪਾ ਦੇਣ, ਇਸ ਕਰਕੇ ਅਸੀਂ ਆਪਣੇ ਰਿਸ਼ਤੇਦਾਰਾਂ ਕੋਲ ਥੋੜ੍ਹਾ ਸਮਾਂ ਹੀ ਰਹਿੰਦੇ ਸੀ, ਫਿਰ ਅਸੀਂ ਕੋਈ ਹੋਰ ਟਿਕਾਣਾ ਲਭਦੇ ਸੀ ਅਤੇ ਕਈ ਵਾਰ ਗੁਰਦੁਆਰਿਆਂ ਵਿਚ ਵੀ ਸ਼ਰਨ ਲੈਂਦੇ ਸੀ, ਜਿਸ ਕਰਕੇ ਸਾਡੇ ਕੋਲ ਖਾਣ—ਪੀਣ ਨੂੰ ਕੁਝ ਵੀ ਨਹੀਂ ਸੀ ਅਤੇ ਨਾ ਹੀ ਸਾਡਾ ਮਾਲ ਡੰਗਰ ਸੀ, ਜਿਸ ਕਰਕੇ ਸਾਡੇ ਰਿਸ਼ਤੇਦਾਰ ਥੋੜ੍ਹਾ ਬਹੁਤ ਰਾਸ਼ਨ ਦੇ ਕੇ ਜਾਂਦੇ ਸੀ ਅਤੇ ਅਸੀਂ ਆਪਣਾ ਗੁਜਾਰਾ ਤੰਗੀ ਤੁਰਸ਼ੀ ਨਾਲ ਕਰਦੇ ਸੀ, ਸਾਡੇ ਬੱਚੇ ਪੜ੍ਹਾਈ ਨਹੀਂ ਕਰ ਸਕੇ ਅਤੇ ਨਾ ਹੀ ਸਾਡੀ ਕਿਸੇ ਜਥੇਬੰਦੀਆਂ ਜਾਂ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਕੋਈ ਸਾਰ ਨਹੀਂ ਲਈ, ਅਸੀਂ ਸ਼੍ਰੋਮਣੀ ਕਮੇਟੀ ਤੇ ਮੰਗ ਕਰਦੇ ਹਾਂ ਕਿ ਸਾਨੂੰ 40 ਸਾਲਾ ਬਾਅਦ ਵੀ ਸ਼੍ਰੋਮਣੀ ਕਮੇਟੀ ਸਾਡੀ ਸਾਰ ਲਵੇ ਅਤੇ ਸਾਡੀ ਪੈਨਸ਼ਨ ਲਈ ਜਾਵੇ ਤਾਂ ਜੋ ਅਸੀਂ ਥੋੜ੍ਹਾ ਬਹੁਤ ਆਪਣਾ ਗੁਜਾਰਾ ਕਰ ਸਕੀਏ ਅਤੇ ਆਪਣੇ ਬੱਚੇ ਪਾਲ ਸਕੀਏ। ਭਾਈ ਕੁਲਵੰਤ ਸਿੰਘ ਨੇ ਅੱਗੇ ਦੱਸਿਆ ਕਿ ਇਸ ਸਬੰਧ ਵਿਚ ਅਸੀਂ ਮੇਰੇ ਪਿਤਾ ਜੀ ਅਤੇ ਮੇਰੇ ਦੋ ਭਰਾਵਾਂ ਦੀ ਯਾਦ ਵਿਚ 11 ਮਈ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਉਪਰੰਤ ਗੁਰਦੁਆਰਾ ਸਾਹਿਬ ਰਾਮ ਲਾਲ ਵਿਖੇ ਕੀਰਤਨ ਕੀਤਾ ਜਾਵੇਗਾ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ। ਇਸ ਮੌਕੇ ਤੇ ਕੀਰਤਨ ਦੀ ਹਾਜ਼ਰੀ ਭਾਈ ਹਰਮਨਪ੍ਰੀਤ ਸਿੰਘ ਪੋਤਰੇ ਸ਼ਹੀਦ ਭਾਈ ਰਸਾਲ ਸਿੰਘ ਆਰਿਫਕੇ ਵੱਲੋਂ ਭਰੀ ਗਈ। ਇਸ ਮੌਕੇ ਤੇ ਬਾਬਾ ਜ਼ਸਵੰਤ ਸਿੰਘ ਸੋਢੀ ਆਸਲ ਉਤਾੜ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚਣਗੇ।



ਆਵਾਜ਼ਿ ਕੌਮ AWAZE QAUM International Newspaper & WEB TV

# ਭਾਰਤ-ਪਾਕਿਸਤਾਨ 'ਚ ਤਣਾਅਪੂਰਨ ਹਾਲਾਤ ਮੌਕੇ ਸ਼੍ਰੋਮਣੀ ਕਮੇਟੀ ਨੇ ਗੁਰੂ ਘਰਾਂ 'ਚ ਰਿਹਾਇਸ਼ ਤੇ ਲੰਗਰ ਦੀ ਕੀਤੀ ਪਹਿਲਕਦਮੀ

**ਨਵੀਂ ਦਿੱਲੀ, 7 ਮਈ (ਮਨਪ੍ਰੀਤ ਸਿੰਘ ਖਾਲਸਾ)**- ਭਾਰਤ-ਪਾਕਿਸਤਾਨ ਵਿਚ ਬਣੇ ਤਣਾਅਪੂਰਨ ਹਾਲਾਤਾਂ ਦੇ ਮੱਦੇਨਜ਼ਰ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਹੱਦੀ ਇਲਾਕਿਆਂ ਵਿਚੋਂ ਉਠਾਏ ਜਾ ਰਹੇ ਲੋਕਾਂ ਦੇ ਰਹਿਣ ਲਈ ਸਰਾਵਾਂ ਦੇਣ ਦੀ ਪਹਿਲਕਦਮੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਹੱਦੀ ਖੇਤਰਾਂ ਵਾਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਅਜਿਹੇ ਲੋਕਾਂ ਲਈ ਸਰਾਵਾਂ ਰਾਖਵੀਆਂ ਰੱਖਣ ਅਤੇ ਲੰਗਰਾਂ ਦੇ ਪ੍ਰਬੰਧ ਕਰਨ ਦਾ ਆਦੇਸ਼ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ-ਪਾਕਿਸਤਾਨ ਵਿਚ ਤਲਖ਼ ਹਾਲਾਤਾਂ ਕਰਕੇ ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਵਿਖੇ ਰਹਿਣ ਲਈ ਸਰਾਵਾਂ ਅਤੇ ਲੰਗਰ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ ਨੂੰ ਇਹ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧ ਵਿਚ ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਗੁਰਦਾਸਪੁਰ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਅੰਮ੍ਰਿਤਸਰ, ਗੁਰਦੁਆਰਾ ਗੁਰੂਸਰ ਸਤਲਾਣੀ ਸਾਹਿਬ ਪਾ: ਛੇਵੀਂ ਹੁਸ਼ਿਆਰਨਗਰ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਪਾਤਸ਼ਾਹੀ ਛੇਵੀਂ ਅੰਮ੍ਰਿਤਸਰ, ਗੁਰਦੁਆਰਾ ਬਾਬਾ ਬੀਰ ਸਿੰਘ ਜੀ ਪਿੰਡ ਰੱਤੋਕੇ ਤਰਨ ਤਰਨ, ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਂ ਤਰਨ ਤਾਰਨ, ਗੁਰਦੁਆਰਾ ਜਾਮਨੀ ਸਾਹਿਬ ਪਾਤਸ਼ਾਹੀ ਦਸਵੀਂ ਬਜੀਦਪੁਰ ਫਿਰੋਜ਼ਪੁਰ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਠੱਠਾ ਤਰਨ ਤਾਰਨ, ਗੁਰਦੁਆਰਾ ਬਾਬਾ ਬੁੱਢਾ ਜੀ ਤੇਜਾ ਕਲਾਂ ਗੁਰਦਾਸਪੁਰ, ਗੁਰਦੁਆਰਾ ਸੰਨ੍ਹ ਸਾਹਿਬ ਪਿੰਡ ਬਾਸਰਕੇ ਗਿਲਾਂ ਅੰਮ੍ਰਿਤਸਰ ਤੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਨੌਵੀਂ, ਗੁਰੂ ਕਾ ਬਾਗ ਘੁੱਕੇਵਾਲੀ ਅੰਮ੍ਰਿਤਸਰ ਦੇ ਮੈਨੇਜਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਹੈ।



## ਬਾਬਾ ਭਾਈ ਝਾੜੂ ਦਾਸ ਮਹਾਰਾਜ ਜੀ ਭੂਦਨ ਵਾਲਿਆਂ ਦੀ ਯਾਦ ਚ ਸਮਾਗਮ 16,17,18 ਮਈ ਨੂੰ ਬਾਬਾ ਬੂਟੀ ਦਾਸ

ਮਾਲੇਰਕੋਟਲਾ ( ਰਣਜੀਤ ਸਿੰਘ ਪੇਧਨੀ ) ਬਾਬਾ ਭਾਈ ਝਾੜੂ ਦਾਸ ਮਹਾਰਾਜ ਜੀ ਭੂਦਨ ਵਾਲਿਆਂ ਦੀ ਯਾਦ ਵਿੱਚ ਸਲਾਨ ਸਮਾਗਮ 16,17,18 ਮਈ ਨੂੰ ਇਲਾਕਾ ਨਿਵਾਸੀ, ਨਗਰ ਨਿਵਾਸੀ, ਅਤੇ ਐਨ ਆਰ ਆਈ ਭਰਾਵਾਂ ਦੇ ਸਹਿਯੋਗ ਨਾਲ ਬੜੀ ਹੀ ਸਰਧਾਂ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ,ਆਪ ਜੀ ਆਪਣੇ ਪਰਿਵਾਰਾਂ ਸਮੇਤ ਸਲਾਨਾ ਜੋੜ ਮੇਲੇ ਤੇ ਹਾਜਰੀ ਭਰ ਕੇ ਭਗਵਾਨ ਸ਼੍ਰੀ ਚੰਦਰ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਬੂਟੀ ਦਾਸ ਜੀ ਨੇ ਕੀਤਾ। ਉਹਨਾਂ ਕਿਹਾ ਕਿ ਇਸ ਸਮਾਗਮ ਵਿੱਚ ਜਿੱਥੇ ਸੰਤ ਮਹਾਂਪੁਰਸ਼ ਹਾਜ਼ਰੀ ਭਰਨਗੇ ਉੱਥੇ ਨਾਲ ਹੀ ਰਾਗੀ ਢਾਡੀ ਕਵੀਸਰ ਆਪਣੀਆਂ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਗੁਰੂ ਕਾ ਲੰਗਰ ਟੁੱਟ ਟ ਵਰਤੇਗਾ।



ਆਵਾਜ਼ਿ ਕੌਮ AWAZE QAUM International Newspaper & WEB TV

## ਪੁਣਛ 'ਚ ਪਾਕਿਸਤਾਨੀ ਹਮਲੇ ਚ ਸਿੱਖਾਂ ਦੇ ਮਾਰੇ ਜਾਣ ਦੀ ਘਟਨਾ ਦੀ ਜਥੇਦਾਰ ਬਾਬਾ ਟੇਕ ਸਿੰਘ ਵੱਲੋਂ ਨਿੰਦਾ

ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)- ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਲਖੀ ਭਰੇ ਮਾਹੌਲ ਦਰਮਿਆਨ ਪਾਕਿਸਤਾਨੀ ਫੌਜ ਵੱਲੋਂ ਜੰਮੂ ਕਸ਼ਮੀਰ ਦੇ ਪੁਣਛ ਦੇ ਗੁਰਦੁਆਰਾ ਸਾਹਿਬ ਉੱਪਰ ਹਮਲਾ ਕਰਨ ਅਤੇ ਹਮਲੇ ਦੌਰਾਨ ਤਿੰਨ ਸਿੱਖਾਂ ਦੇ ਮਾਰੇ ਜਾਣ ਦੀ ਸਾਹਮਣੇ ਆਈ ਘਟਨਾ ਦੀ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਕਰੜੇ ਸ਼ਬਦਾਂ 'ਚ ਨਿੰਦਾ ਕੀਤੀ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਕਿਹਾ ਕਿ ਸਾਹਮਣੇ ਆ ਰਹੀਆਂ ਰਿਪੋਰਟਾਂ ਮੁਤਾਬਿਕ ਆਪਰੇਸ਼ਨ ਸਿੰਦੂਰ ਦੇ ਜਵਾਬੀ ਹਮਲੇ 'ਚ ਪਾਕਿਸਤਾਨੀ ਫੌਜ ਵੱਲੋਂ ਪੁਣਛ ਵਿਖੇ ਕੀਤੀ ਗੋਲੀਬਾਰੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ 'ਤੇ ਹਮਲਾ ਕੀਤਾ ਗਿਆ ਜਿਸ 'ਚ ਰਾਗੀ ਸਿੰਘ ਭਾਈ ਅਮਰੀਕ ਸਿੰਘ, ਇੱਕ ਸਾਬਕਾ ਫੌਜੀ ਅਮਰਜੀਤ ਸਿੰਘ ਅਤੇ ਇੱਕ ਉੱਥੋਂ ਦਾ ਦੁਕਾਨਦਾਰ ਰਣਜੀਤ ਸਿੰਘ ਮਾਰੇ ਗਏ ਹਨ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਵੀ ਗੋਲੀਬਾਰੀ ਦੌਰਾਨ ਮਾਨਕੋਟ ਖੇਤਰ 'ਚ ਇੱਕ ਸਿੱਖ ਬੀਬੀ ਰੂਬੀ ਕੌਰ ਦੇ ਮਾਰੇ ਜਾਣ ਦੀ ਖਬਰ ਸਾਹਮਣੇ ਆ ਰਹੀ ਹੈ। ਸਿੰਘ ਸਾਹਿਬ ਨੇ ਇਨ੍ਹਾਂ ਘਟਨਾਵਾਂ ਨੂੰ ਦੁਖਦਾਈ ਕਰਾਰ ਦਿੰਦਿਆਂ ਕਿਹਾ ਕਿ ਇਸ ਘਟਨਾ ਨੇ ਸਮੁੱਚੇ ਸਿੱਖ ਜਗਤ ਨੂੰ ਗਹਿਰੇ ਜਖਮ ਦਿੱਤੇ ਹਨ। ਸਿੰਘ ਸਾਹਿਬ ਨੇ ਹਮਲਿਆਂ 'ਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਜੰਮੂ ਕਸ਼ਮੀਰ ਦੇ ਸਰਹੱਦੀ ਇਲਾਕਿਆਂ 'ਚ ਬੈਠੇ ਸਿੱਖਾਂ ਨੂੰ ਇੰਨ੍ਹਾਂ ਹਾਲਾਤਾਂ 'ਚ ਇਕਜੁਟ ਰਹਿਣ ਅਤੇ ਮੁਸ਼ਿਕਲ ਘੜੀ 'ਚ ਗੁਰਬਾਣੀ ਦਾ ਓਟ ਆਸਰਾ ਲੈਣ ਦੀ ਅਪੀਲ ਕੀਤੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

## ਸਟਰਾਈਕ ਤੋਂ ਬਾਅਦ ਪ੍ਰਧਾਨ ਮੰਤਰੀ ਤੋਂ ਥਰ ਥਰ ਕੰਬਿਆ ਪਾਕਿਸਤਾਨ-ਕ੍ਰਿਸਨ ਗੋਪਾਲ ਨੀਲੂ ਮਿੱਤਲ

**ਧੂਰੀ ( ਰਣਜੀਤ ਸਿੰਘ ਪੇਧਨੀ )**-ਪਿਛਲੀ ਦਿਨਾ ਵਿੱਚ ਜੰਮੂ ਕਸ਼ਮੀਰ ਦੇ ਪਹਿਲਗਾਮ ਦੀਆਂ ਸੁੰਦਰ ਵਾਦੀਆਂ ਵਿੱਚ ਬੇਕਸੂਰ ਨਿਹੱਥੇ ਲੋਕਾਂ ਨੂੰ ਆਤੰਕਵਾਦੀਆਂ ਵੱਲੋਂ ਕੋਹ ਕੋਹ ਕੇ ਮਾਰਿਆ ਗਿਆ ਸੀ ਜਿਸ ਦੇ ਜਵਾਬ ਵਜੋਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੀ ਦੂਰ ਅੰਦੇਸੀ ਦੇ ਸਦਕਾ ਸਰਜੀਕਲ ਸਟਰਾਈਕ ਕਰਕੇ ਪਾਕਿਸਤਾਨ ਦੇ ਅੱਤਵਾਦੀਆਂ ਦੇ ਨੋ ਟਿਕਾਣੇ ਤਬਾਹ ਕਰ ਦਿੱਤੇ ਗਏ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਕ੍ਰਿਸ਼ਨ ਗੋਪਾਲ ਨੀਲੂ ਮਿੱਤਲ ਨੇ ਕੀਤਾ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਬਣ ਚੁੱਕੇ ਹਨ ਜਿਨਾਂ ਨੇ ਪਿਛਲੇ ਦਿਨਾਂ ਵਿੱਚ ਅੱਤਵਾਦੀਆਂ ਹਮਲੇ ਦਾ ਜਵਾਬ ਦੇ ਕੇ ਪਾਕਿਸਤਾਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ ਕਿਉਂਕਿ ਇੱਕੋ ਇੱਕ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਹੀ ਹਨ ਜਿਨਾਂ ਤੋਂ ਪਾਕਿਸਤਾਨ ਥਰ ਥਰ ਕੰਬਦਾ ਹੈ। ਉਨ੍ਹਾਂ ਪੁੰਛ ਵਿਚ ਹੋਏ ਆਤੰਕਵਾਦੀ ਜੰਮੂ-ਕਸ਼ਮੀਰ ਦੇ ਪੁੰਛ ਸੈਕਟਰ ਵਿਖੇ ਐਲ. ਓ. ਸੀ. ਨੇੜੇ ਸਥਿਤ ਗੁਰਦੁਆਰਾ ਸਾਹਿਬ 'ਤੇ ਪਾਕਿਸਤਾਨ ਵੱਲੋਂ ਬੰਬ ਨਾਲ ਹਮਲਾ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਗੁਰੂ ਘਰ ਤੇ ਹਮਲਾ ਕਰਨਾ ਅਤੀ ਨਿੰਦਣਯੋਗ ਹੈ। ਹਮਲਾ ਕਰਨ ਵਾਲਿਆਂ ਨੇ ਗੁਰਦੁਆਰਾ ਸਾਹਿਬ ਤੇ ਹਮਲਾ ਕਰਕੇ ਗੁਰੂ ਘਰ ਦੀ ਬੇਅਦਬੀ ਕੀਤੀ ਹੈ, ਹਮਲਾਵਰਾਂ ਨੂੰ ਘੱਟੋ ਘੱਟ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ ।



ਪਹਿਲਗਾਮ ਕਾਂਡ

# ਜੇਕਰ ਭਾਰਤ - ਪਾਕਿ ਜੰਗ ਛਿੜਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਦੋਵਾਂ ਪੰਜਾਬਾਂ ਦਾ ਹੋਵੇਗਾ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਵਾਰ ਵਾਰ ਨਹੀਂ ਬਲਕਿ ਹਰ ਵਾਰ ਪੰਜਾਬ ਨੂੰ ਹੀ ਬਲਦੀ ਦੇ ਬੂਥੇ ਵਿਚ ਸੁੱਟਿਆ ਜਾਂਦਾ ਹੈ ।22 ਅਪਰੈਲ ਨੂੰ ਪਹਿਲਗਾਮ ਵਿਖੇ ਵਾਪਰੀ ਦੁੱਖਦ ਘਟਨਾ ਤੋਂ ਬਾਅਦ ਇਸ ਵਾਰ ਇਕ ਵਾਰ ਫੇਰ ਪੰਜਾਬ ਨੂੰ ਕੇਂਦਰ ਸਰਕਾਰ ਨੇ ਬਿਨਾਂ ਕਿਸੇ ਸੋਚ ਵਿਚਾਰ ਕੀਤਿਆਂ ਨਿਸ਼ਾਨੇ ਉੱਤੇ ਲਿਆ ਹੈ । ਵਾਹਗਾ ਸਰਹੱਦ ਸੀਲ ਕਰਕੇ ਇਕ ਵਾਰ ਫੇਰ ਪੰਜਾਬੀਆਂ ਨੂੰ ਸੁਨੇਹਾ ਦਿੱਤਾ ਹੈ ਕਿ ਘਟਨਾ ਮੁਲਕ ਵਿਚ ਕਿਧਰੇ ਵੀ ਵਾਪਰੇ, ਉਸ ਵਾਸਤੇ ਜਿੰਮੇਵਾਰ ਹਮੇਸ਼ਾ ਵਾਂਗ ਪਾਕਿਸਤਾਨ ਹੀ ਹੋਵੇਗਾ ਤੇ ਖਮਿਆਜਾ ਪੰਜਾਬੀਆਂ ਨੂੰ ਭੁਗਤਣਾ ਪਵੇਗਾ ।ਜੇਕਰ ਮੇਰੀ ਇਹ ਉਕਤ ਗੱਲ ਤੁਹਾਨੂੰ ਗਲਤ ਲਗਦੀ ਹੈ ਤਾਂ ਫਿਰ ਮੈਨੂੰ ਇਹ ਪੁੱਛਣ ਦਾ ਹੱਕ ਹੈ ਕਿ ਭਾਰਤ ਦੇ ਪਾਕਿਸਤਾਨ ਨਾਲ ਲਗਦੇ ਹੋਰ ਬਾਰਡਰ ਬੰਦ ਕਿਓਂ ਨਹੀਂ ਕੀਤੇ ਜਾਂਦੇ ? ਗੁਜਰਾਤ , ਰਾਜਸਥਾਨ, ਜੰਮੂ ਕਸ਼ਮੀਰ ਤੇ ਬੰਬੇ ਤੋਂ ਵਪਾਰ ਲਗਾਤਾਰ ਚੱਲ ਰਿਹਾ ਹੈ, ਉਹ ਕਿਓਂ ਨਹੀਂ ਬੰਦ ਕੀਤਾ ਜਾਂਦੇ ।ਸਿਰਫ ਪੰਜਾਬ ਦਾ ਬਾਰਡਰ ਹੀ ਸੀਲ ਕਿਓਂ ਕੀਤਾ ਜਾ ਰਿਹਾ ਹੈ ?

ਅਗਲੀ ਗੱਲ ਇਹ ਹੈ ਕਿ ਪੰਜਾਬ ਦੀ ਸਰਹੱਦ ਬੰਦ ਕਰਨ ਪਿਛੇ ਕਿਹੜੀ ਥਿਊਰੀ ਕੰਮ ਕਰਦੀ ਹੈ ? ਕੀ ਇਸ ਤਰਾਂ ਕਰਨ ਨਾਲ ਮੁਲਕ ਵਿਚ ਹੋ ਰਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਡੱਕਾ ਲੱਗ ਜਾਏਗਾ ? ਅੱਤਵਾਦੀ ਘਟਨਾਵਾਂ ਬੰਦ ਹੋ ਜਾਣਗੀਆਂ ਜਾਂ ਫਿਰ ਮੁਲਕ ਨੂੰ ਹੋਰ ਕੋਈ ਵੱਡਾ ਲਾਭ ਹੋਵੇਗਾ ।ਦਰਅਸਲ ਅੱਤਵਾਦ ਨੂੰ ਕਾਬੂ ਕਰਨ ਦਾ ਨਾ ਹੀ ਇਹ ਕੋਈ ਵਧੀਆ ਉਪਾਅ ਹੈ ਤੇ ਨਾ ਹੀ ਤਰੀਕਾ ।ਮੈਂ ਇਹ ਨਹੀਂ ਕਹਿੰਦਾ ਕਿ ਮਾੜੇ ਅਨਸਰ ਪਾਕਿਸਤਾਨ ਚ ਨਹੀਂ ਹਨ ਤੇ ਨਾ ਹੀ ਉਥੋਂ ਵਾਰਦਾਤਾਂ ਕਰਨ ਵਾਸਤੇ ਏਧਰ ਭਾਰਤ ਵਿਚ ਆ ਰਹੇ ਹਨ, ਬਲਕਿ ਇਹ ਜ਼ਰੂਰ ਮੰਨਦਾ ਹਾਂ ਕਿ ਮਾੜੇ ਅਨਸਰ ਦੋਵੀਂ ਪਾਸੀਂ ਹੋਣਗੇ , ਪਰ ਕਿਸੇ ਘਟਨਾ ਦੇ ਵਾਪਰਨ ਤੋਂ ਤੁਰੰਤ ਬਾਅਦ ਬਿਨਾ ਕਿਸੇ ਜਾਚ ਪੜਤਾਲ, ਬਿਨਾ ਕਿਸੇ ਸਬੂਤ, ਤਟ ਫਟ ਹੀ ਗੁਆਂਢੀ ਮੁਲਕ ਵੱਲ ਉਂਗਲ ਸਿੱਧੀ ਕਰ ਦੇਣੀ ਕਿਥੋਂ ਕੁ ਤੱਕ ਤਰਕ ਸੰਗਤ ਹੈ ? ਕੀ ਇਸ ਤਰਾਂ ਕਰਨ ਨਾਲ ਮਸਲੇ ਦੇ ਹੱਲ ਦੀ ਬਜਾਏ ਤਲਖੀ ਹੋਰ ਨਹੀਂ ਵਧੇਗੀ ? ਇਸ ਤਰਾਂ ਬਿਨਾਂ ਕਿਸੇ ਅਧਾਰ ਦੇ ਗੁਆਂਢੀ 'ਤੇ ਦੋਸ਼ ਲਗਾਉਣ ਨਾਲ ਨਾ ਹੀ ਅੱਤਵਾਦ ਖਤਮ ਹੋਵੇਗਾ ਤੇ ਨਾ ਹੀ ਦੋਵਾਂ ਮੁਲਕਾਂ ਵਿਚਕਾਰ ਕਦੇ ਸਾਜਗਾਰ ਮਾਹੌਲ ਪੈਦਾ ਹੋਣ ਦੀਆਂ ਸੰਭਾਵਨਾਵਾਂ ਹੀ ਪੈਦਾ ਹੋ ਸਕਣਗੀਆ ।

ਅਸੀਂ ਦੇਖਦੇ ਹਾਂ ਕਿ ਜਦੋ ਜਦੋ ਦੋਵਾਂ ਮੁਲਕਾਂ ਦੇ ਸਬੰਧ ਸਾਵੇਂ ਸੁਖਾਵੇਂ ਹੋਣ ਲਗਦੇ ਹਨ, ਉਦੋਂ ਹੀ ਭਾਰਤ ਵਿਚ ਕੋਈ ਦੁੱਖਦ ਘਟਨਾ ਵਰਤ ਜਾਂਦੀ ਹੈ ਜਿਸ ਦੇ ਵਾਸਤੇ ਇਕੋ ਰਿਮੋਟ ਵਾਲਾ ਦੋਸ਼ ਵਰਤਿਆ ਜਾਂਦਾ ਹੈ ਕਿ ਇਸ ਕਾਂਡ ਵਾਸਤੇ ਪਾਕਿਸਤਾਨ ਦੋਸ਼ੀ ਹੈ, ਗੈਰ ਸਮਾਜੀ ਤੱਤ ਸਰਹੱਦ ਪਾਰੋਂ ਆਏ ਤੇ ਭਾਣਾ ਵਰਤਾ ਕੇ ਸਹੀ ਸਲਾਮਤ ਵਾਪਿਸ ਚਲੇ ਗਏ ।ਕਿੱਡੀ ਬੇਹੂਦਾ ਗੱਲ ਹੈ ਕਿ ਬਿਨਾਂ ਕਿਸੇ ਸਬੂਤ ਗੁਆਂਢੀ ਮੁਲਕ ਤੇ ਉਸ ਦੇ ਸ਼ਹਿਰੀਆਂ ਨੂੰ ਦੋਸ਼ੀ ਦੱਸਿਆ ਜਾ ਰਿਹਾ ਹੈ । ਏਹੀ ਕੁੱਝ 1984 ਦੇ ਨਵੰਬਰ ਕਤਲੇਆਮ ਵੇਲੇ ਵੀ ਹੋਇਆ ਸੀ, ਇੰਦਰਾਗਾਂਧੀ ਨੂੰ ਮਾਰਨ ਵਾਲੇ ਉਸ ਦੇ ਬਾਡੀਗਾਰਡ ਸਨ ਪਰ ਟਾਰਗਟ ਮੁਲਕ ਭਰ ਦੇ ਸਿੱਖਾਂ ਨੂੰ ਬਣਾਇਆ ਗਿਆ ਸੀ ।ਭਾਰਤ ਸਰਕਾਰ ਦੀ ਇਸ ਨੀਤੀ ਨਾਲ ਨਾ ਹੀ ਅੱਤਵਾਦ ਖਤਮ ਹੋਵੇਗਾ ਤੇ ਨਾ ਹੀ ਦੁਖਦ ਘਟਨਾਵਾਂ ।

ਹੋਣਾ ਇਹ ਚਾਹੀਦਾ ਹੈ ਕਿ ਕਿਸੇ ਉਤੇ ਦੋਸ਼ ਲਗਾਉਣ ਤੋਂ ਪਹਿਲਾਂ ਜਾਂ ਕਿਸੇ ਵੱਲ ਉਂਗਲ ਸੇਧਣ ਤੋਂ ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟੀ ਫੇਰੀ ਜਾਵੇ, ਆਪ ਜਿੰਮੇਵਾਰੀ ਚੁੱਕਦਿਆਂ ਹੋਇਆਂ ਮੌਕੇ ਦੀ ਸਰਕਾਰ ਆਪਣੀਆਂ ਕਮਜੋਰੀਆਂ ਦਾ ਲੇਖਾ ਜੋਖਾ ਕਰੇ, ਪਹਿਲਗਾਮ ਵਰਗੀਆਂ ਕਿੰਨੀਆਂ ਘਟਨਾਵਾਂ ਹੁਣ ਤੱਕ ਵਾਪਰੀਆਂ ਹਨ, ਸਭਨਾ ਵਿਚ ਪਾਕਿਸਤਾਨ ਨੂੰ ਦੋਸ਼ੀ ਠਹਿਰਾ ਕੇ ਆਪਣੇ ਆਪ ਨੂੰ ਸੁਰਖ਼ਰੂ ਕਰਨ ਅਤੇ ਆਪਣੀ ਕੁਰਸੀ ਦੀਆਂ ਚਾਰ ਪਾਈਆਂ ਸੁਰੱਖਿਅਤ ਰੱਖਣ ਦੀ ਨੀਤੀ ਵਿਚੋਂ ਇਹ ਗੱਲ਼ ਹੀ ਸਾਹਮਣੇ ਆਉਂਦੀ ਹੈ ਕਿ ਇਹ ਸਭ ਘਟਨਾਵਾਂ ਭਾਰਤੀ ਰਾਜਨੀਤੀ ਦੁਆਰਾ ਸਿਆਸੀ ਫਾਇਦਾ ਲੈਣ ਵਾਸਤੇ ਕਥਿਤ ਰੂਪ ਵਿਚ ਬੜੇ ਹੀ ਸੁਨਿਯੋਜਿਤ ਢੰਗ ਨਾਲ ਕੀਤੀਆਂ ਜਾ ਰਹੀਆਂ ਹਨ ਤੇ ਬਦਨਾਮ ਸਿਰਫ ਪਾਕਿਸਤਾਨ ਨੂੰ ਕੀਤਾ ਜਾ ਰਿਹਾ ਹੈ ਤਾਂ ਕਿ ਭਾਰਤ ਦੇ ਹਿੰਦੂ ਵੋਟਰਾਂ ਦੇ ਮਨਾਂ ਚ ਪਾਕਿਸਤਾਨ ਪ੍ਰਤੀ ਨਫਰਤ ਪਰਚੰਡ ਕਰਕੇ ਭਾਰਤੀ ਹਿੰਦੂ ਵੋਟ ਦਾ ਸਮੀਕਰਣ ਆਪਣੇ ਹੱਕ ਵਿਚ ਕਰਕੇ ਭਰਪੂਰ ਲਾਹਾ ਲਿਆ ਜਾ ਸਕੇ ਤੇ ਸੱਤਾ ਦਾ ਸੁੱਖ ਲੰਮੇ ਸਮੇਂ ਵਾਸਤੇ ਭੋਗਿਆ ਜਾ ਸਕੇ ।

ਦੂਜੇ ਲਫਜਾਂ ਵਿਚ ਇੰਜ ਵੀ ਕਹਿ ਸਕਦੇ ਹਾਂ ਕਿ ਭਾਰਤ ਵਿਚ ਬੇਗੁਨਾਹ ਲੋਕਾਂ ਦੀਆਂ ਲਾਸ਼ਾਂ ਦੇ ਸੱਥਰ ਵਿਛਾ ਕੇ ਕੀਤੀ ਜਾਣ ਵਾਲੀ ਇਹ ਰਾਜਨੀਤੀ ਪਿਛਲੇ ਡੇਢ ਕੁ ਦਹਾਕੇ ਤੋਂ ਬਹੁਤ ਜੋਰ ਸ਼ੋਰ ਨਾਲ ਕੀਤੀ ਜਾ ਰਹੀ ਹੈ ।ਗੋਦੀ ਮੀਡੀਆ ਜਾਂ ਕਹਿ ਲਓ ਕਿ ਸਰਕਾਰੀ ਪਿਠੂ ਮੀਡੀਆ ਇਸ ਤਰਾਂ ਦੀ ਰਾਜਨੀਤੀ ਦੇ ਹੱਕ ਵਿਚ ਪਰਚਾਰ ਕਰਕੇ, ਅਸਲੀਅਤ ਤੋਂ ਮੁਨਕਰ ਹੋ ਕੇ, ਤੱਥਾਂ ਨੂੰ ਤੋੜ ਮਰੋੜ ਕੇ ਨਿਰਾ ਕੂੜ ਪੇਸ਼ ਕਰਦਾ ਹੋਇਆ ਅੱਗ 'ਤੇ ਘਿਓ ਪਾਉਣ ਦਾ ਕੰਮ ਕਰ ਰਿਹਾ ਹੈ ਤੇ ਈ ਵੀ ਐਮ ਸੱਤਾਧਾਰੀ ਪਾਰਟੀ ਦੀ ਸੁਰੱਖਿਆ ਛਤਰੀ ਬਣੀ ਹੋਈ ਹੈ ।

ਅੱਜ ਬਾਰਾਂ ਦਿਨ ਦਾ ਸਮਾਂ ਹੋ ਗਿਆ ਹੈ, ਅਜੇ ਤੱਕ ਦੋਸ਼ੀਆਂ ਦਾ ਕੋਈ ਉਘ ਸੁੱਘ ਤੱਕ ਵੀ ਨਹੀਂ ਮਿਲਿਆ, ਗੋਦੀ ਮੀਡੀਆ ਅੱਗ ਉਗਲ ਰਿਹਾ ਹੈ, ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਅਸਤੀਫਾ ਦੇਣ ਦੀ ਬਜਾਏ ਕੁਰਸੀਆਂ ਨਾਲ ਚਿੰਬੜੇ ਹੋਏ ਹੋਏ ਹਨ, ਦੋਵੇਂ ਮੁਲਕਾਂ ਦੀਆਂ ਫੌਜਾਂ ਅਕਾਰਨੋ ਹੀ ਆਹਮੋ ਸਾਹਮਣੇ ਹਨ, ਦੋਹਾਂ ਮੁਲਕਾਂ ਦੇ ਆਮ ਸ਼ਹਿਰੀਆਂ ਵਿਚ ਡਰ ਤੇ ਸਹਿਮ ਦਾ ਮਾਹੌਲ ਹੈ, ਇਸ ਤੋਂ ਵੀ ਹੋਰ ਅੱਗੇ ਦੇਸ਼ ਦਾ ਪ੍ਰਧਾਨ ਮੰਤਰੀ, ਘਟਨਾ ਦੀ ਖਬਰ ਸੁਣਦਿਆਂ ਹੀ ਆਪਣਾ ਸਾਉਦੀ ਅਰੇਬੀਆ ਦਾ ਦੌਰਾ ਅੱਧ ਵਿਚਕਾਰ ਛੱਡ ਦੇਸ਼ ਵਾਪਸ ਤਾਂ ਜ਼ਰੂਰ ਪਰਤ ਆਉਂਦਾ ਹੈ, ਪਰ ਸਿੱਧਾ ਪਹਿਲਗਾਮ ਜਾਣ ਦੀ ਬਜਾਏ ਦਿੱਲੀ ਹਵਾਈ ਅੱਡੇ ਉੱਤੇ ਇਕ ਸੰਕਟਕਾਲੀਨ ਮੀਟਿੰਗ ਦਾ ਨਾਟਕ ਰਚਕੇ ਬਿਹਾਰ ਵਿਖੇ ਆਪਣੀ ਪਾਰਟੀ ਦੀ ਰੈਲੀ ਵਿਚ ਹਿੱਸਾ ਲੈਣ ਪਹੁੰਚ ਜਾਂਦਾ ਹੈ, ਜਿਸ ਤੋਂ ਪਤਾ ਸਾਫ ਲਗਦਾ ਹੈ ਕਿ ਇਹਨਾਂ ਲੋਕਾਂ ਵਾਸਤੇ ਆਪਣੇ ਦੇਸ਼ ਦੇ ਸ਼ਹਿਰੀਆਂ ਦੀ ਜਾਨ ਦੀ ਇਕ ਕੌਡੀ ਵੀ ਕੀਮਤ ਨਹੀ, ਇਹਨਾਂ ਨੂੰ ਤਾਂ ਸਿਰਫ ਆਪਣੀ ਕੁਰਸੀ ਦੇ ਪਾਵੇ ਮਜਬੂਤ ਕਰਨ ਦੀ ਹੀ ਫਿਕਰ ਹੈ ।

ਮੁਲਕ ਤਬਾਹੀ ਦੇ ਦਹਾਨੇ 'ਤੇ ਖੜ੍ਹਾ ਹੈ, ਦੇਸ਼ ਦਾ ਪ੍ਰਧਾਨ ਮੰਤਰੀ ਫਲਾਇਟ ਮੋਡ ਉੱਤੇ ਲੱਗਾ ਹੋਇਆ ਹੈ ।ਮੁਲਕ ਵਿਚ ਹਰ ਪਾਸੇ ਬੇਰੁਜਗਾਰੀ ਤੇ ਮਹਿੰਗਾਈ ਨਾਲ ਤਰਾਹੀ ਤਰਾਹੀ ਮਚੀ ਹੋਈ ਹੈ, ਉਸ ਨੂੰ ਨੱਥ ਪਾਉਣ ਦੀ ਬਜਾਏ, ਲੋਕਾਂ ਵਿਚ ਮਜ਼ਬੀ ਨਫਰਤ ਭਰਕੇ, ਜੰਗ ਦਾ ਮਾਹੌਲ ਬਣਾਇਆ ਜਾ ਰਿਹਾ ਹੈ ।ਇਸ ਤਰਾਂ ਕਰਕੇ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾ ਕੇ ਆਪਣੀ ਰਾਜਨੀਤੀ ਤੇ ਸੱਤਾ ਦੋਨੇਂ ਸੁਰੱਖਿਅਤ ਕੀਤੇ ਜਾ ਰਹੇ ਹਨ, ਇਹ ਜਾਣਦੇ ਹੋਏ ਵੀ ਕਿ ਇਹ ਇਕ ਬਹੁਤ ਮਾਰੂ ਨੀਤੀ ਹੈ, ਪਰ ਕੀਤਾ ਕੀ ਜਾਵੇ, ਕੁੱਤੇ ਨੂੰ ਹੱਡੀ ਦਾ ਸੁਆਦ ਅਤੇ ਨੇਤਾ ਨੂੰ ਕੁਰਸੀ ਦਾ ਚੱਸ ਇਕ ਵਾਰ ਪੈ ਜਾਵੇ ਤਾਂ ਉਹ ਇਸ ਨੂੰ ਬਣਾਈ ਰੱਖਣ ਵਾਸਤੇ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ ।ਸੱਚ ਪੁੱਛੋ ਤਾਂ, ਨੇਤਾ ਲੋਕ ਇਸ ਮਾਮਲੇ ਵਿਚ ਕੁੱਤੇ ਨਾਲੋਂ ਕਈ ਦਰਜੇ ਅੱਗੇ ਨਿਕਲ ਜਾਂਦੇ ਹਨ।

ਭਾਰਤ ਪਾਕਿਸਤਾਨ ਸਰਹੱਦ ਦੇ ਦੋਵੇਂ ਪਾਸੇ ਇਸ ਵੇਲੇ ਭਾਰੀ ਤਨਾਅ ਹੈ, ਫੌਜੀ ਮਸ਼ਕਾਂ ਹੋ ਰਹੀਆਂ ਹਨ, ਜੰਗੀ ਜਹਾਜਾਂ ਦਾ ਤੇਲ ਪਾਣੀ ਚੈੱਕ ਕੀਤਾ ਜਾ ਰਿਹਾ ਹੈ, ਤੋਪਾਂ ਤੇ ਟੈਂਕਾਂ ਨੂੰ ਗਰੀਸ ਕੀਤੀ ਜਾ ਰਹੀ ਹੈ, ਮਿਜਾਇਲਾਂ ਦੀ ਮਿੱਟੀ ਝਾੜੀ ਜਾ ਰਹੀ ਹੈ, ਪਰ ਇਸ ਸਭ ਕਾਸੇ ਦੀ ਕੋਈ ਖਾਸ ਵਜ੍ਹਾ ਅਜੇ ਤੱਕ ਨਾ ਹੀ ਭਾਰਤ ਤੇ ਨਾ ਹੀ ਪਾਕਿਸਤਾਨੀ ਸ਼ਹਿਰੀਆਂ ਨੂੰ ਸਮਝ ਆ ਰਹੀ ਹੈ ।

ਜਾਪਦਾ ਇੰਜ ਹੈ ਕਿ ਪਹਿਲਗਾਮ ਦੀ ਘਟਨਾ ਤਾਂ ਇਕ ਬਹਾਨਾ ਹੈ, ਅਸਲ ਵਜਹਾ ਤਾਂ ਇਸ ਸਭ ਕਾਸੇ ਪਿੱਛੇ ਕੋਈ ਹੋਰ ਹੀ ਹੈ ।ਪਰ ਇਹ ਕੰਧ ਉਤੇ ਲਿਖੀ ਇਬਾਰਤ ਹੈ ਕਿ 1947 - 48, 1965 ਤੇ 1971 ਵਿਚ ਭਾਰਤ - ਪਾਕਿਸਤਾਨ ਵਿਚਕਾਰ ਹੋਈਆਂ ਯੁੱਧਾਂ ਦਾ ਸਭ ਤੋਂ ਮਾਰੂ ਅਸਰ ਚਾਹੇ ਉਹ ਜਾਨੀ ਹੋਵੇ ਜਾਂ ਮਾਲੀ, ਚੜ੍ਹਦੇ ਤੇ ਲਹਿੰਦੇ ਪੰਜਾਬਾਂ ਉੱਤੇ ਹੀ ਹੋਇਆ ।ਹੁਣ ਫੇਰ ਦੋਹੀਂ ਪਾਸੀ ਜੰਗ ਦੇ ਬੱਦਲ ਛਾਏ ਹੋਏ ਹਨ , ਇਸ ਸਬੰਧੀ ਲੰਗਰ ਲੰਗੋਟੇ ਕੱਸੇ ਜਾ ਰਹੇ ਹਨ, ਦੋਵੇਂ ਪਾਸਿਆਂ ਦੀਆਂ ਫੌਜਾਂ ਦਾ ਜਮਾਵੜਾ ਸਰਹੱਦ ਦੇ ਆਰ ਪਾਰ ਵਧਦਾ ਜਾ ਰਿਹਾ ਹੈ। ਇਸ ਭਿਆਨਕ ਮੰਜਿਰ ਨੂੰ ਦੇਖਦੇ ਹੋਏ ਭਾਰਤੀ ਫੌਜ ਦੇ ਸਾਬਕਾ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ," ਜੰਗ ਕਿਸੇ ਮਸਲੇ ਦਾ ਹੱਲ ਨਹੀਂ, ਜੇਕਰ ਜੰਗ ਹੁੰਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਵੇਗਾ।"

ਸੋ ਇਸ ਨਾਜ਼ੁਕ ਮੌਕੇ 'ਤੇ ਸੋਚਣਾ ਬਣਦਾ ਹੈ ਕਿ ਕੀ ਦੋਵੇਂ ਦੇਸ਼ ਆਪਸੀ ਮਸਲੇ ਜੰਗ ਤੋਂ ਬਿਨਾ ਨਹੀਂ ਨਜਿੱਠ ਸਕਦੇ ? ਕੀ ਜੰਗ ਸ਼ੁਰੂ ਕਰਕੇ ਦੋਹਾਂ ਮੁਲਕਾਂ ਦੇ ਲੋਕਾਂ ਨੂੰ ਬਲੀ ਦਾ ਬੱਕਰਾ ਬਣਾਉਣਾ ਜ਼ਰੂਰੀ ਹੈ ?

ਰੂਸ ਅਤੇ ਯੁਕਰੇਨ ਵਿਚਕਾਰ ਲੱਗੀ ਜੰਗ ਨੂੰ ਤਿੰਨ ਸਾਲ ਤੋਂ ਵੱਧ ਦਾ ਸਮਾ ਹੋ ਗਿਆ ਹੈ, ਪਰ ਅਜੇ ਵੀ ਉਸ ਜੰਗ ਦਾ ਅੰਤ ਕਿਧਰੇ ਨਜ਼ਰੀ ਨਹੀਂ ਆ ਰਿਹਾ ।ਜੰਗ ਛੇੜਨੀ ਕੋਈ ਔਖਾ ਕੰਮ ਨਹੀਂ, ਪਰ ਬਾਅਦ ਵਿਚ ਇਸ ਨੂੰ ਸਮਾਪਤ ਕਰਕੇ ਪ੍ਰਭਾਵਤ ਖਿੱਤੇ ਵਿਚ ਸ਼ਾਂਤੀ ਸਥਾਪਤ ਕਰਨਾ ਤੇ ਮੁੜ ਤੋਂ ਆਮ ਜਨਜੀਵਨ ਦੀ ਬਹਾਲੀ ਕਰਨਾ ਬਹੁਤ ਔਖਾ ਕਾਰਜ ਹੁੰਦਾ ਹੈ , ਅਫਗਾਨਿਸਤਾਨ ਸਾਡੇ ਸਾਹਮਣੇ ਵੱਡੀ ਉਦਾਹਰਣ ਹੈ, ਜੰਗ ਬੰਦ ਹੋ ਚੁੱਕੀ ਨੂੰ ਵੀ ਕਈ ਸਾਲ ਹੋ ਗਏ ਹਨ, ਪਰ ਉਥੇ ਅੱਜ ਵੀ ਸਭ ਖੰਡਰ ਮੰਡਰ ਹੈ ਤੇ ਆਉਂਦੇ ਕਈ ਦਹਾਕਿਆਂ ਤੱਕ ਅਜਿਹਾ ਹੀ ਰਹੇਗਾ । ਕਹਿਣ ਦਾ ਭਾਵ ਇਹ ਕਿ ਜੰਗ ਚੰਦਰੀ ਹੁੰਦੀ ਹੈ, ਕਲਾ ਕਲੰਦਰ ਬੇਸ਼ੱਕ ਘਰਾਂ ਚ ਵਸੇ ਤੇ ਬੇਸ਼ੱਕ ਦੋ ਮੁਲਕਾਂ ਵਿਚਕਾਰ, ਇਸ ਦਾ ਦੂਜਾ ਨਾਮ ਵਿਨਾਸ਼ ਹੈ ।

ਭਾਰਤ - ਪਾਕਿਸਤਾਨ ਦੇ ਹਾਲਾਤ ਇਸ ਵੇਲੇ ਬਹੁਤ ਹੀ ਨਾਜ਼ੁਕ ਮੋੜ 'ਤੇ ਹਨ, ਦੋਹਾਂ ਦੇਸਾਂ ਵਿਚਲਾ ਤਨਾਅ ਕਦੇ ਵੀ ਧਮਾਕਾਖੇਜ ਹੋ ਸਕਦਾ ਹੈ ।ਇਕ ਦੂਜੇ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ।ਦੋਵੇਂ ਦੇਸ਼ ਦੁਨੀਆਂ ਦੇ ਵੱਡੇ ਦੇਸਾਂ ਨੂੰ ਆਪੋ ਆਪਣੇ ਹੱਕ ਵਿਚ ਸਮਰਥਨ ਲੈਣ ਵਾਸਤੇ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ, ਪਰ ਅਜਿਹੇ ਵਿਚ ਅਮਰੀਕਾ, ਰੂਸ ਤੇ ਯੂਨਾਈਟਿੱਡ ਕਿੰਗਡਮ ਵਰਗੇ ਮੁਲਕਾਂ ਦੇ ਮੁੱਖ ਨੁਮਾਇੰਦੇ ਜੇਕਰ, ਪਹਿਲਗਾਮ ਕਾਂਡ ਦੀ ਨਿੰਦਾ ਕਰਦਿਆਂ ਇਹ ਬਿਆਨ ਦਿੰਦੇ ਹਨ ਕਿ ਪਹਿਲਗਾਮ ਕਾਂਡ ਇਕ ਬਹੁਤ ਵੱਡਾ ਗੈਰ ਮਨੁੱਖੀ ਕਾਂਡ ਹੈ ਤੇ ਘੋਰ ਨਿੰਦਾ ਜਨਕ ਹੈ ਤੇ ਇਹ ਕਾਰਾ ਕਰਨ ਵਾਲੇ ਗੈਰ ਸਮਾਜੀ ਅਨਸਰਾਂ ਨੂੰ ਫੜਕੇ ਮਿਸਾਲੀ ਸਜਾ ਦੇਣੀ ਚਾਹੀਦੀ ਹੈ ਤਾਂ ਕਿ ਮੁੜ ਤੋਂ ਇਸ ਤਰਾਂ ਦੀ ਵਾਰਦਾਤ ਦੁਬਾਰਾ ਨਾ ਵਾਪਰ ਸਕੇ ਤੇ ਇਸ ਵਾਸਤੇ ਉਕਤ ਸਭ ਮੁਲਕ ਭਾਰਤ ਦੀ ਹਰ ਸੰਭਵ ਮੱਦਦ ਕਰਨ ਨੂੰ ਤਿਆਰ ਹਨ ਤਾਂ ਇਹਨਾ ਉਕਤ ਮੁਲਕਾਂ ਦੇ ਨੁਮਾਇੰਦਿਆਂ ਦਾ ਇਹ ਬਿਆਨ ਪਾਕਿਸਤਾਨ ਵਿਰੁੱਧ ਕਦਾਚਿਤ ਵੀ ਨਹੀਂ, ਬਲ ਕਿ ਉਕਤ ਬਿਆਨ ਨੂੰ ਨੀਝ ਨਾਲ ਵਿਚਾਰਨ 'ਤੇ ਇਹ ਸ਼ਪੱਸ਼ਟ ਹੁੰਦਾ ਹੈ ਕਿ ਉਕਤ ਬਿਆਨ ਅੱਤਵਾਦ ਜਾਂ ਗੈਰ ਸਮਾਜੀ ਅਨਸਰਾਂ ਦੇ ਵਿਰੁੱਧ ਹੈ ਜਿਸ ਦਾ ਮਤਲਬ ਕਦੇ ਵੀ ਪਾਕਿਸਤਾਨ ਨਹੀਂ ਕਿਉਕਿ ਅਪਰਾਧੀ ਅਨਸਰਾਂ ਦਾ ਨਾ ਹੀ ਕੋਈ ਧਰਮ ਹੁੰਦਾ ਹੈ, ਨਾ ਹੀ ਕੋਈ ਮੁਲਕ ਤੇ ਨਾ ਹੀ ਉਹਨਾਂ ਦਾ ਕੋਈ ਸਕਾ ਸੁਹੇਲਾ ਹੁੰਦਾ ਹੈ ।ਊਨਾਂ ਦਾ ਮਕਸਦ ਸਮਾਜ ਵਿਚ ਆਪਣੇ ਅਣਮਨੁੱਖੀ ਵਰਤਾਰੇ ਨਾਲ ਅਸਥਿਰਤਾ, ਡਰ ਤੇ ਸਹਿਮ ਪੈਦਾ ਕਰਨਾ ਹੁੰਦਾ ਹੈ ਤੇ ਜਾਂ ਫਿਰ ਰਾਜਨੀਤਕ ਸਮੀਕਰਨਾਂ ਵਿਚ ਫੇਰਬਦਲ ਕਰਨ ਵਾਸਤੇ ਇਸ ਤਰਾਂ ਦੇ ਕਾਰੇ ਰਾਜਨੀਤਕ ਮੰਤਵਾਂ ਦੀ ਪੂਰਤੀ ਵਾਸਤੇ ਵੀ ਕੀਤੇ ਜਾਂਦੇ ਹਨ ।

ਮੁਕਦੀ ਗੱਲ ਇਹ ਕਿ ਕਿ ਬਿਨਾ ਕਿਸੇ ਜਾਂਚ ਪੜਤਾਲ ਕਿਸੇ ਉੱਤੇ ਉਂਗਲ ਧਰਕੇ, ਉਸ ਨੂੰ ਦੋਸ਼ੀ ਠਹਿਰਾਉਣਾ, ਫਿਰ ਫੌਜੀ ਕਾਰਵਾਈ ਕਰਨ ਦੀ ਧਮਕੀ ਦੇਣੀ ਤੇ ਖਿੱਤੇ ਵਿਚ ਤਨਾਅ ਦਾ ਮਾਹੌਲ ਪੈਦਾ ਕਰਕੇ ਆਮ ਲੋਕਾਂ ਦਾ ਜੀਵਨ ਦੁੱਭਰ ਕਰਨਾ ਪੂਰੀ ਤਰਾਂ ਗੈਰ ਕਾਨੂੰਨੀ ਵਰਤਾਰਾ ਹੈ ਜੋ ਕਿ ਆਮ ਤੌਰ 'ਤੇ ਭਾਰਤ ਦੇ ਰਾਜਨੀਤਕ ਲੋਕਾਂ ਵਲੋਂ ਕਥਿਤ ਰੂਪ ਵਿਚ ਸੱਤਾ ਪਰਾਪਤੀ ਜਾਂ ਫਿਰ ਸੱਤਾ ਉੱਤੇ ਕਾਬਜ ਰਹਿਣ ਵਾਸਤੇ ਕੀਤਾ ਜਾਂਦਾ ਹੈ ।

ਇਹ ਇਕ ਬਹੁਤ ਹੀ ਮਾਰੂ ਰੁਝਾਨ ਹੈ ।ਇਸ ਮਾਰੂ ਰੁਝਾਨ ਦੀ ਰੋਕਥਾਮ ਵਾਸਤੇ ਲੋਕਾਂ ਨੂ ਬਿਨਾ ਦੇਰੀ ਅਵਾਜ ਉਠਾਉਣੀ ਚਾਹੀਦੀ ਹੈ ।ਇਸ ਦੇ ਨਾਲ ਹੀ ਇਹ ਵੀ ਦਰਜ ਕਰਨਾ ਚਾਹੁੰਦਾ ਹਾਂ ਕਿ ਸਰਹੱਦਾਂ ਬੰਦ ਕਰਨੀਆਂ, ਪਾਣੀਆਂ ਦੇ ਸਮਝੌਤੇ ਰੱਦ ਕਰਨੇ, ਏਅਰ ਸਪੇਸ 'ਤੇ ਪਾਬੰਧੀਆਂ ਲਾਉਣੀਆਂ, ਹਾਈ ਕਮਿਸ਼ਨ ਸਟਾਫ ਵਿਚ ਕਟੌਤੀ ਕਰਨੀ ਆਦਿ ਦਾ ਸਿੱਧਾ ਅਰਥ ਹੈ ਕਿ ਦੋਹਾਂ ਦੇਸ਼ਾਂ ਦੇ ਸ਼ਹਿਰੀਆਂ ਦੀ ਮੁਸ਼ਕਲਾਂ ਵਿਚ ਅੰਤਾਂ ਦਾ ਵਾਧਾ ਕਰਨਾ ।ਇਹਨਾਂ ਉਕਤ ਪਾਬੰਦੀਆਂ ਦਾ ਅੱਤਵਾਦ ਨੂੰ ਕਾਬੂ ਕਰਨ ਨਾਲ ਬਿਲਕੁਲ ਵੀ ਕੋਈ ਵਾਹ ਵਾਸਤਾ ਨਹੀਂ ।

ਕੁੱਲ ਮਿਲਾਕੇ ਕਿਹਾ ਜਾ ਸਕਦਾ ਹੈ ਕਿ ਭਾਰਤ ਸਰਕਾਰ ਪਹਿਲਗਾਮ ਘਟਨਾ ਨੂੰ ਰਫੂ ਕਰਨ ਲਈ ਕਾਹਲ ਵਿਚ ਜੋ ਫੈਸਲੇ ਇਹਨਾਂ ਦਿਨਾਂ ਵਿਚ ਲੈ ਰਹੀ ਹਨ, ਉਹਨਾਂ ਵਿਚੋਂ ਬਹੁਤੇ ਕਿਸੇ ਤਰਾਂ ਵੀ ਤਰਕ ਸੰਗਤ ਨਹੀਂ ਹਨ ।ਹੋ ਸਕਦਾ ਹੈ ਕਿ ਪਹਿਲਗਾਮ ਕਾਂਡ ਦੇ ਅੱਤਵਾਦੀ ਪਾਕਿਸਤਾਨ ਤੋਂ ਆਏ ਹੋਣ ਤੇ ਕਾਂਡ ਕਰਨ ਤੋਂ ਬਾਅਦ ਸਹੀ ਸਲਾਮਤ ਵਾਪਿਸ ਵੀ ਚਲੇ ਗਏ ਹੋਣ, ਪਰ ਇਸ ਹਾਲਤ ਵਿਚ ਵੀ ਕੋਈ ਦੋਸ਼ ਪੂਰੀ ਜਾਂਚ ਪੜਤਾਲ ਕਰਨ ਤੋਂ ਬਾਅਦ ਹੀ ਲਗਾਇਆ ਜਾਣਾ ਬਣਦਾ ਹੈ ।ਜੰਗ ਦੇ ਹਾਲਾਤ ਉਸ ਸੂਰਤ ਚ ਪੈਦਾ ਹੋ ਸਕਦੇ ਹਨ ਜੇਕਰ ਸਬੂਤਾਂ ਦੇ ਆਧਾਰ 'ਤੇ ਸਬੰਧਿਤ ਧਿਰ ਸਾਥ ਨਹੀਂ ਦਿੰਦੀ, ਨਿਰਾ ਧੌਂਸ ਦੇ ਜੋਰ ਆਪਣੀ ਮਰਜੀ ਨਾਲ ਦੂਸਰੀ ਧਿਰ ਤੋਂ ਕੁੱਝ ਵੀ ਨਹੀਂ ਕਰਵਾਇਆ/ ਮਨਵਾਇਆ ਜਾ ਸਕਦਾ ।ਇਹ ਗੱਲ ਵੀ ਇਸ ਵਾਰ ਪੱਕੀ ਹੈ ਕਿ ਜੇਕਰ ਦੋਹਾਂ ਮੁਲਕਾਂ ਵਿਚਕਾਰ ਜੰਗ ਛਿੜਦੀ ਹੈ , ਬਿਨਾ ਸ਼ੱਕ ਦੋਹਾਂ ਮੁਲਕਾਂ ਦਾ ਇਸ ਵਾਰ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਵੇਗਾ, ਪਰ ਅਸਲ ਮਾਰ ਦੋਵਾਂ ਪੰਜਾਬਾਂ 'ਤੇ ਪਵੇਗੀ ਤੇ ਇਸ ਖਿੱਤੇ ਵਿਚ ਸਭ ਕੋਂ ਵੱਧ ਨੁਕਸਾਨ ਹੋਣ ਦਾ ਭਾਰੀ ਖਦਸ਼ਾ ਹੈ।

## ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ : ਚੌਂਕੀ ਇੰਚਾਰਜ ਹਰਪ੍ਰੀਤ ਸਿੰਘ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਕਾਰਵਾਈ ਕਰਦਿਆਂ ਪੁਲਿਸ ਚੌਂਕੀ ਰਣੀਕੇ ਦੇ ਇੰਚਾਰਜ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਸ ਕੋਲੋ ਭੁੱਕੀ ਚੂਰਾ ਪੋਸਤ ਬਰਾਮਦ ਕੀਤੀ। ਇਸ ਮੌਕੇ ਚੌਂਕੀ ਇੰਚਾਰਜ ਹਰਪ੍ਰੀਤ ਸਿੰਘ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿੰਡਾਂ ਦੇ ਸਰਪੰਚਾਂ,ਪੰਚਾਂ ਤੇ ਅਹੁਦੇਦਾਰਾਂ ਨੂੰ ਨਸ਼ਾ ਤਸਕਰਾਂ ਦੀ ਕਿਸੇ ਵੀ ਕਿਸਮ ਦੀ ਸਹਾਇਤਾ ਨਾ ਕਰਨ ਦੀ ਅਪੀਲ ਕੀਤੀ ।ਉਨਾਂ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰੀ ਰੋਕਣ ਅਤੇ ਨੌਜਵਾਨਾਂ ਨੂੰ ਨਸ਼ੇ ਵਰਗੇ ਦਲਦਲ ਵਿੱਚ ਬਾਹਰ ਕੱਢਣ ਲਈ ਉਕਤ ਮੁਹਿੰਮ ਵਰਦਾਨ ਸਾਬਤ ਹੋ ਸਕਦੀ ਹੈ।

## ਪੁੰਛ ਸੈਕਟਰ ਵਿਖੇ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਨਾ ਅਤੀ ਨਿੰਦਣਯੋਗ ਹੈ-ਪੰਮਾ ਬਾਠ



**ਧੂਰੀ ( ਰਣਜੀਤ ਸਿੰਘ ਪੇਧਨੀ )**-ਜੰਮੂ-ਕਸ਼ਮੀਰ ਦੇ ਪੁੰਛ ਸੈਕਟਰ ਵਿਖੇ ਐਲ. ਓ. ਸੀ. ਨੇੜੇ ਸਥਿਤ ਗੁਰਦੁਆਰਾ ਸਾਹਿਬ 'ਤੇ ਪਾਕਿਸਤਾਨ ਵੱਲੋਂ ਬੰਬ ਨਾਲ ਹਮਲਾ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਧੂਰੀ ਇਲਾਕੇ ਦੇ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਕਿਹਾ ਗੁਰੂ ਘਰ ਤੇ ਹਮਲਾ ਕਰਨਾ ਅਤੀ ਨਿੰਦਣਯੋਗ ਹੈ। ਹਮਲਾ ਕਰਨ ਵਾਲਿਆਂ ਨੇ ਗੁਰਦੁਆਰਾ ਸਾਹਿਬ ਤੇ ਹਮਲਾ ਕਰਕੇ ਗੁਰੂ ਘਰ ਦੀ ਬੇਅਦਬੀ ਕੀਤੀ ਹੈ, ਹਮਲਾਵਰਾਂ ਨੂੰ ਘੱਟੋ ਘੱਟ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ ।ਉਹਨਾਂ ਕਿਹਾ ਕਿ ਇਸ ਹਮਲੇ ਵਿੱਚ ਘੱਟੋ ਘੱਟ 45 ਦੇ ਕਰੀਬ ਲੋਕ ਜ਼ਖਮੀ ਹੋਏ ਹਨ ਅਤੇ ਰਾਗੀ ਸਿੰਘ ਭਾਈ ਅਮਰੀਕ ਸਿੰਘ,ਅਮਰਜੀਤ ਸਿੰਘ, ਰਣਜੀਤ ਸਿੰਘ ਅਤੇ ਰੂਬੀ ਕੌਰ ਮਾਰੇਜਾਣ ਦੀ ਖਬਰ ਨਾਲ ਪੰਜਾਬੀਆਂ ਅਤੇ ਸਿੱਖ ਕੌਮ ਵਿੱਚ ਸੋਗ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਅਸੀਂ ਜਿੱਥੇ ਅਸੀਂ ਸਰਬੱਤ ਦਾ ਭਲੇ ਦੀ ਅਰਦਾਸ ਕਰਦੇ ਹਾਂ, ਉੱਥੇ ਇਸ ਤਰ੍ਹਾਂ ਦਾ ਹਮਲਾ ਕਰਨਾ ਬੇਹੱਦ ਨਿੰਦਣਯੋਗ ਹੈ। ਆਮ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ। ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ, ਗੁਰੂ ਸਾਹਿਬ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

## ਜੰਮੂ-ਕਸ਼ਮੀਰ ਚ ਸ਼ਹੀਦ ਹੋਏ ਪਰਿਵਾਰਾਂ ਨਾਲ ਗਿਆਨੀ ਪ੍ਰੀਤਮ ਸਿੰਘ ਚੱਕਪਖੀ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



ਨਵੀਂ ਦਿੱਲੀ 7 ਮਈ (ਮਨਪ੍ਰੀਤ ਸਿੰਘ ਖਾਲਸਾ):- ਜੰਮੂ-ਕਸ਼ਮੀਰ ਦੇ ਪੁੰਛ ਸੈਕਟਰ ਵਿਖੇ ਐਲ ਓ ਸੀ ਨੇੜੇ ਸਥਿਤ ਗੁਰਦੁਆਰਾ ਸਾਹਿਬ 'ਤੇ ਪਾਕਿਸਤਾਨ ਵੱਲੋਂ ਬੰਬ ਨਾਲ ਹਮਲਾ ਕੀਤੇ ਜਾਣ ਦੀ ਖ਼ਬਰ ਮਿਲੀ। ਜਿਸ ਵਿੱਚ ਇੱਕ ਰਾਗੀ ਸਿੰਘ ਭਾਈ ਅਮਰੀਕ ਸਿੰਘ, ਅਮਰਜੀਤ ਸਿੰਘ, ਰਣਜੀਤ ਸਿੰਘ ਅਤੇ ਰੂਬੀ ਕੌਰ ਮਾਰੇ ਗਏ ਹਨ। ਗੁਰਦੁਆਰਾ ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਫ਼ਤਹਿ ਨਗਰ ਦੇ ਮੁੱਖ ਗ੍ਰੰਥੀ ਗਿਆਨੀ ਪ੍ਰੀਤਮ ਸਿੰਘ ਚੱਕਪਖੀ ਨੇ ਕਿਹਾ ਕਿ ਜਿੱਥੇ ਸਰਬੱਤ ਦਾ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ, ਉੱਥੇ ਇਸ ਤਰ੍ਹਾਂ ਦਾ ਹਮਲਾ ਕਰਨਾ ਬੇਹੱਦ ਨਿੰਦਣਯੋਗ ਹੈ। ਆਮ ਲੋਕਾਂ ਨੂੰ ਨਿਸ਼ਾਨਾ ਬਣਾਉਣ ਗਲਤ ਹੈ। ਉਨ੍ਹਾਂ ਕਿਹਾ ਕਿ ਅਸੀਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ, ਗੁਰੂ ਸਾਹਿਬ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਉਨ੍ਹਾਂ ਕਿਹਾ ਕਿ ਜੰਗ ਨਾਲ ਸਿਰਫ ਬਰਬਾਦੀ ਹੁੰਦੀ ਹੈ ਨਾ ਕਿ ਕਿਸੇ ਮਸਲੇ ਦਾ ਹੱਲ ਨਿੱਕਲਦਾ ਹੈ । ਮਸਲਿਆਂ ਦਾ ਹੱਲ ਮਿਲ ਬੈਠ ਕੇ ਗੱਲਬਾਤ ਰਾਹੀਂ ਨਿੱਕਲਦਾ ਹੈ ਤੇ ਦੋਨਾਂ ਦੇਸ਼ਾਂ ਨੂੰ ਜੰਗ ਛੱਡ ਕੇ ਆਪਸੀ ਗੱਲਬਾਤ ਰਾਹੀਂ ਹੱਲ ਕਢਣ ਨੂੰ ਤਰਜੀਹ ਦੇਣੀ ਚਾਹੀਦੀ ਹੈ ।

## ਤੇਰਾ ਪਿਆਰ



ਬਿਨ ਡਰ ਤੋਂ ਸ਼ਰੇ ਬਾਜਾਰ
ਕੋਈ 'ਨੀਂ ਕਰ ਸਕਦਾ ।
ਜਿਵੇਂ ਤੂੰ ਕੀਤੈ ਇਜ਼ਹਾਰ
ਕੋਈ 'ਨੀਂ ਕਰ ਸਕਦਾ ।
ਭਾਵੇਂ ਜੱਗ ਵਿੱਚ ਸੋਹਣਿਆਂ
ਦੀ ਕੋਈ ਘਾਟ ਨਹੀਂ ;
ਸੱਜਣਾ ਤੇਰੇ ਵਾਂਗੂੰ ਪਿਆਰ
ਕੋਈ 'ਨੀਂ ਕਰ ਸਕਦਾ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।
9914836037

## ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵੱਲੋਂ

# ਲੋੜਵੰਦ ਗਰੀਬ ਲੜਕੀਆਂ ਨੂੰ ਘਰਾਂ ਵਿੱਚ ਲੋੜੀਦਾ ਸਮਾਨ ਦਿੱਤਾ

ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ 22 ਅਤੇ 23 ਫਰਵਰੀ ਨੂੰ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ ਕੀਤੇ ਗਏ ਸਨ ਉਨ੍ਹਾਂ ਨੂੰ ਘਰਾਂ ਵਿੱਚ ਲੋੜੀਦਾ ਸਮਾਨ ਅੱਜ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਹਾਲ ਵਿੱਚ ਦਿੱਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਫਿਰੋਜਪੁਰ ਸ਼ਹਿਰ ਨਗਰ ਪਾਲਿਕਾ ਦੇ ਪ੍ਰਧਾਨ ਸ੍ਰੀ ਰਿੰਕੂ ਗਰੋਵਰ, ਅਮਨਦੀਪ ਹਸਪਤਾਲ ਦੇ ਅਭਿਸ਼ੇਕ ਅਰੋੜਾ, ਮੋਂਟੀ ਐਮ.ਸੀ, ਸਤਨਾਮ ਸਿੰਘ, ਗੁਰਦਿਆਲ ਸਿੰਘ ਵਿਰਕ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ 22 ਫਰਵਰੀ ਨੂੰ ਭਾਈ ਮਰਦਾਨਾ ਕੀਰਤਨ ਦਰਬਾਰ ਵਿੱਚ ਜੋ ਨੌਂ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਗਏ ਸਨ ਉਨ੍ਹਾਂ ਨੂੰ ਅੱਜ ਘਰਾਂ ਵਿੱਚ ਲੜੀਂਦਾ ਸਮਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਈ ਮਰਦਾਨਾ ਸੋਸਾਇਟੀ ਹੁਣ ਤੱਕ 900 ਤੋਂ ਵੱਧ ਲੜਕੀਆਂ ਦੇ ਵਿਆਹ ਕਰ ਚੁੱਕੀ ਹੈ ਅਤੇ ਇਹ ਸਿਲਸਿਲਾ ਹਰ ਸਾਲ ਜਾਰੀ ਰਹੇਗਾ। ਨਗਰ ਕੌਂਸਲ ਪ੍ਰਧਾਨ ਸ੍ਰੀ ਰਿੰਕੂ ਗਰੋਵਰ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਿ ਜਗਜੀਤ ਸਿੰਘ ਭੁੱਲਰ ਦੇ ਪਿਤਾ ਸ: ਹਰਪਾਲ ਸਿੰਘ ਭੁੱਲਰ ਵੱਲੋਂ ਕੀਤੇ ਗਏ ਕੰਮਾਂ ਦੀ ਹਮੇਸ਼ਾ ਸ਼ਲਾਘਾ ਕੀਤੀ ਜਾਂਦੀ ਰਹੇਗੀ। ਉਨ੍ਹਾਂ ਕਿਹਾ ਵੀ ਜਗਜੀਤ ਸਿੰਘ ਭੁੱਲਰ ਵੀ ਉਨ੍ਹਾਂ ਦੇ ਚਲਾਏ ਹੋਏ ਕੰਮਾਂ ਨੂੰ ਅੱਗੇ ਲੈ ਕੇ ਜਾ ਰਹੇ ਹਨ, ਅਸੀਂ ਹਰ ਤਰ੍ਹਾਂ ਨਾਲ ਇਨ੍ਹਾਂ ਨਾਲ ਧਾਰਮਿਕ ਅਤੇ ਸਮਾਜਿਕ ਕੰਮਾਂ ਵਿਚ ਸਹਿਯੋਗ ਦਿੰਦੇ ਰਹਾਂਗੇ। ਸ਼੍ਰੀ ਅਭਿਸ਼ੇਕ ਅਰੋੜਾ ਨੇ ਆਖਿਆ ਕਿ ਜਗਜੀਤ ਸਿੰਘ ਭੁੱਲਰ ਮੇਰੇ ਜਮਾਤੀ ਵੀ ਹਨ ਤੇ ਮੈਂ ਸ: ਹਰਪਾਲ ਸਿੰਘ ਭੁੱਲਰ ਵੱਲੋਂ ਅਜਾਇਬ ਘਰ ਦੇ ਪ੍ਰੋਗਰਾਮ ਤੇ ਵੀ ਪਹਿਲਾਂ ਵੀ ਆਉਂਦਾ ਰਿਹਾ ਹਾਂ ਤੇ ਹੁਣ ਵੀ ਇਨ੍ਹਾਂ ਨੇ ਬੁਲਾਇਆ ਹੈ ਤੇ ਮੈਨੂੰ ਮਾਨ ਬਖਸ਼ਿਆ ਹੈ ਅਸੀਂ ਅਪਣੇ ਵੱਲੋਂ ਜੋ ਸੇਵਾ ਇਨ੍ਹਾਂ ਨੇ ਕਹੀ ਸੀ ਅਸੀਂ ਉਹ ਇਨ੍ਹਾਂ ਨੂੰ ਭੇਂਟ ਕੀਤੀ ਹੈ ਤੇ ਅਸੀਂ ਹਰ ਸਾਲ ਇਸੇ ਤਰ੍ਹਾਂ ਹੀ ਸੇਵਾ ਨਿਭਾਉਂਦੇ ਰਵਾਂਗੇ। ਸ੍ਰੀ ਗੁਰਦਿਆਲ ਸਿੰਘ ਵਿਰਕ ਨੇ ਬੋਲਦਿਆਂ ਆਖਿਆ ਕਿ ਸ: ਹਰਪਾਲ ਸਿੰਘ ਭੁੱਲਰ ਅਤੇ ਉਨ੍ਹਾਂ ਦੀ ਟੀਮ ਨੇ ਬਹੁਤ ਮਿਹਨਤ ਕੀਤੀ ਹੈ ਇਹ ਯਾਦਗਾਰ ਬਣਾਈ ਹੈ ਇਸ ਤੋਂ ਪਹਿਲਾਂ ਬਗਦਾਦੀ ਗੇਟ ਦੇ ਉੱਪਰ ਅਜਾਇਬ ਘਰ ਵੀ ਇਨ੍ਹਾਂ ਨੇ ਬਣਾਇਆ। ਇਸ ਮੌਕੇ ਸ਼ਹਿਰ ਦੀਆਂ ਪ੍ਰਮੁੱਖ ਸਖਸ਼ੀਅਤਾਂ ਵੀ ਮੌਜੂਦ ਸਨ ਜਿਨ੍ਹਾਂ ਵਿੱਚ ਬਲਜਿੰਦਰ ਸਿੰਘ ਸੋਹਲ, ਜਰਨੈਲ ਸਿੰਘ ਗਾਬੜੀਆ, ਦਰਸ਼ਨ ਲਾਲ ਹੀਰਾ, ਹਰਦੀਪ ਸਿੰਘ ਸਰਪੰਚ, ਹਰਜੀਤ ਸਿੰਘ ਧਾਲੀਵਾਲ, ਰਜੇਸ਼ ਕੁਮਾਰ, ਜੋਗਾ ਸਿੰਘ, ਨਿਰਮਲ ਸਿੰਘ, ਬਾਬਾ ਸਰੂਪ ਸਿੰਘ, ਸ਼੍ਰੀਮਤੀ ਜੈ ਪ੍ਰੀਤ ਕੌਰ ਆਦਿ ਸੰਗਤਾਂ ਹਾਜ਼ਰ ਸਨ।








ਆਵਾਜ਼ਿ ਕੌਮ AWAZE QAUM International Newspaper & WEB TV

## ਲੋੜਵੰਦ ਲੜਕੀਆਂ ਨੂੰ ਘਰਾਂ ਵਿਚ

# ਲੋੜੀਂਦਾ ਸਮਾਨ ਸਵਰਗੀ ਬਲਬੀਰ ਸਿੰਘ ਸੱਗੂ ਦੇ ਪਰਿਵਾਰ ਨੇ ਕਰਵਾਇਆ ਮੁਹੱਈਆ

ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵੱਲੋ ਧਾਰਮਿਕ ਸਮਾਗਮ ਕਰਵਾਉਣ ਦੇ ਨਾਲ—ਨਾਲ ਜ਼ਰੂਰਤਮੰਦ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਹਨ ਅਤੇ ਇਸ ਤਹਿਤ ਮਿਤੀ 22 ਤੇ 23 ਫਰਵਰੀ ਨੂੰ ਸਮੂਹਿਕ ਜੋੜਿਆਂ ਦੇ ਵਿਆਹ ਕੀਤੇ ਗਏ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਵੱਲੋਂ ਧਾਰਮਿਕ ਸਮਾਗਮ ਦੌਰਾਨ ਜਿਨ੍ਹਾਂ ਲੜਕੀਆਂ ਦੇ ਵਿਆਹ ਕੀਤੇ ਗਏ ਸਨ, ਉਨ੍ਹਾਂ ਨੂੰ ਘਰ ਵਿਚ ਲੋੜੀਂਦਾ ਸਮਾਨ ਅੱਜ ਮੁਹਇਆ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਵੇਂ ਵਿਆਹੇ ਜ਼ੋੜਿਆਂ ਨੂੰ ਡਬਲ ਬੈਡ, ਪੇਟੀ, ਮੇਜ ਕੁਰਸੀਆਂ, ਪੱਖੇ, ਬਿਸਤਰੇ, ਰੋਟੀ ਵਾਲੇ ਹਾਟ ਕੇਸ, 21 ਭਾਂਡੇ ਅਤੇ ਹੋਰ ਸਮਾਨ ਦਿੱਤਾ ਗਿਆ ਤਾਂ ਜ਼ੋ ਉਹ ਆਪਣਾ ਗ੍ਰਹਿਸਤੀ ਜੀਵਨ ਸ਼ੁਰੂ ਕਰ ਸਕਣ। ਉਨ੍ਹਾਂ ਦੱਸਿਆ ਕਿ ਨਵੇਂ ਜ਼ੋੜਿਆਂ ਨੂੰ ਇਹ ਸਹਾਇਤਾ ਸਵਰਗੀ ਬਲਬੀਰ ਸਿੰਘ ਸੱਗੂ ਦੇ ਪਰਿਵਾਰ ਵੱਲੋਂ ਘੜੀਆਂ, ਪਾਣੀ ਵਾਲੇ ਵਾਟਰ ਕੂਲਰ ਅਤੇ ਲੜਕੇ—ਲੜਕਿਆਂ ਲਈ ਸੂਟਾਂ ਦੀ ਸੇਵਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਵਰਗੀ ਬਲਬੀਰ ਸਿੰਘ ਦੇ ਲੜਕੇ ਨਵਦੀਪ ਸਿੰਘ ਸੱਗੂ ਅਤੇ ਉਨ੍ਹਾਂ ਦੀ ਨੋਂਹ ਰਮਨਦੀਪ ਕੌਰ ਨੇ ਆਖਿਆ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ ਲੋੜਵੰਦ ਲੜਕੀਆਂ ਦੇ ਘਰਾਂ ਲਈ ਅਸੀਂ ਅਪਣੇ ਵਲੋਂ ਛੋਟੀ ਜਿਹੀ ਸੇਵਾ ਕੀਤੀ ਹੈ। ਇਸ ਮੌਕੇ ਜਗਜੀਤ ਸਿੰਘ ਭੁੱਲਰ ਵਲੋਂ ਸੱਗੂ ਪਰਿਵਾਰ ਦਾ ਧੰਨਵਾਦ ਕੀਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

## ਟਰਸਟ ਸਦਾ ਵਰਤ ਪੰਚਾਇਤੀ ਵੱਲੋਂ

# 101 ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ

ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਟਰੱਸਟ ਸਦਾ ਵਰਤ ਪੰਚਾਇਤੀ ਵੱਲੋਂ 101 ਗਰੀਬ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ ਕਿ ਹੇ ਪ੍ਰਮਾਤਮਾ ਜਿਨ੍ਹਾਂ ਨੇ 1914 ਵਿਚ ਇਹ ਟਰੱਸਟ ਉਦੋਂ ਬਣਾਇਆ, ਜਦੋਂ ਇਥੇ ਅਕਾਲ ਪਿਆ ਹੋਇਆ ਸੀ ਅਤੇ ਲੋਕ ਭੁੱਖੇ ਮਰਰ ਹੇ ਸੀ ਤਾਂ ਕੁਝ ਦਾਨੀ ਸੱਜਣ ਇਕੱਠੇ ਹੋ ਕੇ ਇਹ ਟਰੱਸਟ ਸਦਾ ਵਰਤ ਪੰਚਾਇਤੀ ਬਣਿਆ, ਜ਼ੋ ਹਮੇਸ਼ਾ ਲੋੜਵੰਦਾਂ ਦੀ ਸਹਾਇਤਾ ਲਈ ਹਮੇਸ਼ਾ ਮੂਹਰਲੀ ਕਤਾਰ ਵਿਚ ਹਰ ਵੇਲੇ ਰਹਿੰਦਾ ਹੈ। ਇਸ ਮੌਕੇ ਤੇ ਟਰੱਸਟ ਸਦਾ ਵਰਤ ਪੰਚਾਇਤੀ ਦੇ ਸ੍ਰੀ ਪੀ.ਸੀ ਕੁਮਾਰ, ਅਸ਼ਵਨੀ ਮੌਂਗਾ, ਓਮ ਪ੍ਰਕਾਸ਼, ਡੀ.ਕੇ ਬਜਾਜ, ਰਜਨੀਸ਼ ਕਪੂਰ, ਸ੍ਰੀਮਤੀ ਮਿੰਨੂ ਕਪੂਰ ਆਦਿ ਆਗੂ ਹਾਜ਼ਰ ਸਨ। ਇਸ ਮੌਕੇ ਤੇ ਵੱਖ—ਵੱਖ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਤੇ ਸ੍ਰੀ ਅਸ਼ਵਨੀ ਮੌਂਗਾ ਨੇ ਬੋਲਦਿਆਂ ਕਿਹਾ ਕਿ ਲੋੜਵੰਦ ਪਰਿਵਾਰਾਂ ਦੀ ਸੇਵਾ ਇਕ ਸੱਚੀ ਸੁੱਚੀ ਸੇਵਾ ਹੈ, ਸਾਨੂੰ ਇਨ੍ਹਾਂ ਲੋੜਵੰਦ ਪਰਿਵਾਰਾਂ ਦੀ ਮੱਦਦ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਸ੍ਰੀ ਡੀ.ਕੇ ਬਜਾਜ ਨੇ ਕਿਹਾ ਕਿ ਭਾਵੇਂ ਕਿ ਇਹ ਸੰਸਥਾ 111 ਸਾਲਾਂ ਤੋਂ ਗਰੀਬ ਲੋੜਵੰਦ ਪਰਿਵਾਰਾਂ ਦੀ ਮੱਦਦ ਕਰਦੀ ਆ ਰਹੀ ਹੈ। ਇਸ ਮੌਕੇ ਤੇ ਸ੍ਰੀ ਰਜਨੀਸ਼ ਕਪੂਰ ਨੇ ਕਿਹਾ ਕਿ ਸਾਨੂੰ ਆਪਣੇ ਦਸਾਂ ਨੂੰਹਾਂ ਦੀ ਕਿਰਤ ਕਮਾਈ ਵਿਚ ਦਸਵੰਧ ਕੱਢ ਕੇ ਇਨ੍ਹਾਂ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ, ਖਾਸ ਕਰਕੇ ਗਰੀਬ ਬੱਚਿਆਂ ਦੀ ਫੀਸ ਕਿਤਾਬਾਂ ਦੇਣੀਆਂ ਚਾਹੀਦੀਆਂ ਹਨ। ਇਸ ਮੌਕੇ ਤੇ ਮਿੰਨੂ ਕਪੂਰ ਨੇ ਬੋਲਦਿਆਂ ਕਿਹਾ ਕਿ ਕੁਝ ਪਰਿਵਾਰ ਜ਼ੋ ਕਿ ਇਹੋ ਜਿਹੇ ਹਨ ਜ਼ੋ ਕਿਸੇ ਕੋਲੋਂ ਮੰਗਦੇ ਨਹੀਂ ਅਤੇ ਅੰਦਰੋ—ਅੰਦਰ ਕਾਫੀ ਗਰੀਬ ਹੁੰਦੇ ਹਨ ਅਤੇ ਵੇਖਣ ਨੂੰ ਇਕ ਚੰਗਾ ਪਰਿਵਾਰ ਹੁੰਦਾ ਹੈ, ਪਰ ਅੰਦਰੋਂ ਖੋਖਲਾ ਹੁੰਦਾ ਹੈ, ਉਨ੍ਹਾਂ ਪਰਿਵਾਰਾਂ ਦੀ ਪੜਤਾਲ ਕਰਕੇ ਉਨ੍ਹਾਂ ਨੂੰ ਵੀ ਰਾਸ਼ਨ ਦੇਣਾ ਚਾਹੀਦਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਬਾਘੇਵਾਲਾ ਨੇੜੇ ਆਰਿਫਕੇ ਵਿਖੇ ਭਾਈ ਲਵਪ੍ਰੀਤ ਸਿੰਘ ਦਾ ਹੋਈ ਅੰਤਿਮ ਅਰਦਾਸ ਵਿਚ ਭਾਰੀ ਗਿਣਤੀ ਸੰਤਾਂ, ਮਹਾਂਪੁਰਸ਼ਾਂ ਨੇ ਲੁਆਈ ਹਾਜ਼ਰੀ









ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਪਿੰਡ ਬਾਘੇਵਾਲਾ ਨੇੜੇ ਆਰਿਫਕੇ ਵਿਖੇ ਭਾਈ ਲਵਪ੍ਰੀਤ ਸਿੰਘ ਸਪੁੱਤਰ ਭਾਈ ਬਲਕਾਰ ਸਿੰਘ ਅਤੇ ਭਤੀਜਾ ਜਥੇਦਾਰ ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮ ਟਕਸਾਲ ਹਨ ਅਤੇ ਭਾਈ ਲਵਪ੍ਰੀਤ ਸਿੰਘ ਜੀ ਜ਼ੋ ਕਿ 20 ਕੁ ਬਹਾਰਾਂ ਵੇਖ ਕੇ 27 ਅਪ੍ਰੈਲ ਨੂੰ ਪਰਲੋਕ ਸਿਧਾਰ ਗਏ ਸਨ ਜੀ ਦੀ ਅੱਜ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਪਿੰਡ ਬਾਘੇਵਾਲਾ ਨੇੜੇ ਆਰਿਫਕੇ ਵਿਖੇ ਉਨ੍ਹਾਂ ਦੇ ਨਿਵਾਸ ਅਸਥਾਨ ਤੇ ਹੋਇਆ। ਇਸ ਮੌਕੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਪਰਿਵਾਰ ਅਤੇ ਰਿਸ਼ਤੇਦਾਰ, ਮਿੱਤਰ, ਸਾਕ ਸਬੰਧੀ ਨਮ ਅੱਖਾਂ ਨਾਲ ਭਾਈ ਲਵਪ੍ਰੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਤੇ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਨੇ ਕਥਾ ਕਰਨੀ ਸੀ, ਜਿਹੜੇ ਕਿ ਭਾਈ ਲਵਪ੍ਰੀਤ ਸਿੰਘ ਜੀ ਦੇ ਅਕਾਲ ਚਲਾਣੇ ਦਾ ਪਤਾ ਲੱਗਣ ਤੇ ਇੰਗਲੈਂਡ ਤੋਂ ਜਹਾਜ ਫੜ ਕੇ ਪਿੰਡ ਬਾਘੇਵਾਲਾ ਪਹੁੰਚਣਾ ਸੀ, ਪਰ ਫਲਾਈਟ ਲੇਟ ਹੋਣ ਕਰਕੇ ਕਥਾ ਨਹੀਂ ਕਰ ਸਕੇ ਅਤੇ ਸਿੱਧੇ ਹੀ ਪਰਿਵਾਰ ਨੂੰ ਮਿਲਣ ਲਈ ਪਹੁੰਚੇ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਪਾਇਆ ਗਿਆ। ਭੋਗ ਉਪਰੰਤ ਭਾਈ ਗੁਰਲਾਲ ਸਿੰਘ ਦਮਦਮੀ ਟਕਸਾਲ ਨੇ ਵਰਾਗ ਮਈ ਕੀਰਤਨ ਕੀਤਾ। ਇਸ ਮੌਕੇ ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਨੇ ਬੀਬੀਆਂ ਅਤੇ ਰਿਸ਼ਤੇਦਾਰਾਂ ਨੂੰ ਹੱਥ ਜ਼ੋੜ ਕੇ ਬੇਨਤੀ ਕੀਤੀ ਕਿ ਉਹ ਇਸ ਦੁੱਖ ਦੀ ਘੜੀ ਵਿਚ ਰੋਣਾ ਨਹੀਂ, ਕਿਉਂਕਿ ਗੁਰਬਾਣੀ ਸਾਨੂੰ ਦਸਦੀ ਹੈ ਕਿ ਅਸੀਂ ਵਾਹਿਗੁਰੂ ਜੀ ਦੇ ਹੁਕਮ ਵਿਚ ਰਹਿਣਾ ਸਿਖੀਏ। ਵਾਹਿਗੁਰੂ ਜਦੋਂ ਚਾਹੇ ਕਿਸੇ ਨੂੰ ਵੀ ਲਿਜਾ ਸਕਦਾ ਹੈ ਅਤੇ ਉਹ ਕੱਚੀ ਫਸਲ ਅਤੇ ਪੱਕੀ ਫਸਲ ਨਹੀਂ ਵੇਖਦਾ। ਇਸ ਮੌਕੇ ਤੇ ਸਿੰਘ ਸਾਹਿਬ ਭਾਈ ਗਿਆਨੀ ਜਗਤਾਰ ਸਿੰਘ ਹੈਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ, ਬਾਬਾ ਅਮਨਦੀਪ ਸਿੰਘ ਮੁਖੀ ਭਾਈ ਮਨੀ ਸਿੰਘ ਸੇਵਾ ਸੁਸਾਇਟੀ, ਬਾਬਾ ਸਤਨਾਮ ਸਿੰਘ ਵਲੀਆ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਪੰਜਾਬ, ਬਾਬਾ ਅਵਤਾਰ ਸਿੰਘ ਸਾਧਾਂ ਵਲਿਆਂ, ਬਾਬਾ ਬਲਕਾਰ ਸਿੰਘ ਕਲਗੀਧਰ ਸੰਚਾਰ ਸਥਾ ਇਲਮੇਵਾਲਾ, ਬਾਬਾ ਹਰੀ ਸਿੰਘ ਨਾਨਕਸਰ ਕਲੇਰਾਂ ਵਾਲੇ, ਵੀਰਪਾਲ ਸਿੰਘ, ਸੰਤ ਕਰਤਾਰ ਸਿੰਘ ਸਕੂਲ ਬੁਰਜ ਮੱਖਣ ਸਿੰਘ ਵਾਲਾ, ਭਾਈ ਇੰਦਰਪਾਲ ਸਿੰਘ ਮੈਨੇਜਰ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ, ਬਾਬਾ ਦਿਲਬਾਗ ਸਿੰਘ ਆਰਿਫਕੇ ਨੇ ਭਾਈ ਲਵਪ੍ਰੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਭਾਈ ਇੰਦਰਬੀਰ ਸਿੰਘ ਸਤਲਾਣੀ ਸਾਹਿਬ, ਬਾਬਾ ਜਰਨੈਲ ਸਿੰਘ ਅਸਮਾਨਵਾਲਾ, ਡਾ: ਹਰੀਪਰਵੇਜ਼ ਸਿੰਘ ਸੰਧੂ ਜ਼ੈਲਦਾਰ ਝੋਕ ਮੋਹੜੇ, ਸੁਖਦੇਵ ਸਿੰਘ ਸੰਧੂ ਰੁਕਨਾ ਮੂੰਗਲਾ, ਸ਼ਹੀਦ ਭਾਈ ਮਨੀ ਸਿੰਘ ਟਕਸਾਲ ਮੁਖੀ, ਸੰਤ ਬਾਬਾ ਅਮਨਦੀਪ ਸਿੰਘ, ਸੰਤ ਬਾਬਾ ਇੰਦਰਜੀਤ ਸਿੰਘ ਸੰਗਰਾਣਾ ਸਾਹਿਬ, ਸੰਤ ਬਾਬਾ ਸੁਖਦੇਵ ਸਿੰਘ ਸਿਧਾਣਾ ਸਾਹਿਬ, ਭਾਈ ਬੋਹੜ ਸਿੰਘ ਦਮਦਮੀ ਟਕਸਾਲ, ਜਥੇਦਾਰ ਭਾਈ ਨਿਰਮਲ ਸਿੰਘ, ਸੰਤ ਬਾਬਾ ਗੁਰਜੀਤ ਸਿੰਘ, ਬਾਬਾ ਹਰੀ ਸਿੰਘ ਨਾਨਕਸਰ, ਬਤੂ ਸਾਹਿਬ ਸੰਪ੍ਰਦਿ ਵੱਲੋਂ ਗੁਰਪ੍ਰੀਤ ਸਿੰਘ, ਸੰਤ ਬਾਬਾ ਵਾਹਿਗੁਰੂ ਜੀ, ਸੰਤ ਬਾਬਾ ਸਤਿਪਾਲ ਸਿੰਘ, ਬਾਬਾ ਅਜੈਬ ਸਿੰਘ ਭੂਰੇ, ਜਥੇਦਾਰ ਭਾਈ ਅਮਰੀਕ ਸਿੰਘ ਪਟੜਕਲਾਂ ਤੋਂ, ਬਾਬਾ ਦਿਲਬਾਗ ਸਿੰਘ ਗੁਰਦੁਆਰਾ ਆਰਿਫਕੇ, ਬਾਬਾ ਮਿਲਖਾ ਸਿੰਘ, ਭਾਈ ਰਛਪਾਲ ਸਿੰਘ, ਜਥੇਦਾਰ ਭਾਈ ਮੇਜਰ ਸਿੰਘ, ਢਾਡੀ ਭਾਈ ਬੋਹੜ ਸਿੰਘ, ਪੱਤਰਕਾਰ ਮਨੋਹਰ ਲਾਲ, ਧੰਨਾ ਸਿੰਘ ਟਕਸਾਲ ਦਮਦਮੀ ਤੋਂ, ਬਾਬਾ ਸੋਨੀ ਦਾਸ ਜੀ ਗੁੜੀ ਸੰਗਰ ਤੋਂ, ਬਾਬਾ ਘੋਲਾ ਸਿੰਘ ਚੰਦਰਭਾਨ ਵਾਲੇ, ਬਾਬਾ ਹਰਜਿੰਦਰ ਸਿੰਘ ਲੱਧੂਵਾਲਾ ਤੋਂ, ਸਰਪੰਚ ਬਲਵਿੰਦਰ ਸਿੰਘ, ਹਰਮਿੰਦਰ ਸਿੰਘ ਵਿਰਕ, ਪਿੰਡ ਮੱਦਰੇ ਤੋਂ ਸੰਗਤ, ਜਥੇਦਾਰ ਗੁਰਮੀਤ ਸਿੰਘ ਕਬਰਵਾਲੇ, ਕੁਲਦੀਪ ਸਿੰਘ ਮੋੜ, ਬਾਬਾ ਜੱਸਾ ਸਿੰਘ ਜਲਾਲਾਬਾਦ, ਬਾਬਾ ਜ਼ਸਵੰਤ ਸਿੰਘ ਸੋਢੀ ਆਸਲ ਵਾਲੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਫਿਲਮ ਫੂਲੇ ਸਿਲਵਰ ਬਲਡ ਫਿਰੋਜ਼ਪੁਰ ਵਿਖੇ 8 ਮਈ ਨੂੰ ਬਿਲਕੁਲ ਫਰੀ ਦਿਖਾਈ ਜਾਵੇਗੀ—ਸਹੋਤਾ ਬ੍ਰਦਰਜ ਤੇ ਬਾਠ

ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਸ੍ਰੀ ਕਿੱਕਰ ਸਹੋਤਾ ਪ੍ਰਧਾਨ ਭਵਦਾਸ ਵੱਲੋਂ ਆਪਣੇ ਸਮਾਜ ਪ੍ਰਤੀ ਕਈ ਯਤਨ ਕੀਤੇ ਜਾਂਦੇ ਹਨ ਕਿ ਸਮਾਜ ਨੂੰ ਦੇਸ਼ ਦੁਨੀਆਂ ਵਿੱਚ ਸਭ ਤੋਂ ਮੋਹਰੀ ਬਣਾਇਆ ਜਾਵੇ ਅਤੇ ਬਹੁਤ ਗਿਣਤੀ ਸਾਡੇ ਸਮਾਜ ਦੀ ਰਾਜ ਘੱਟ ਗਿਣਤੀ ਲੋਕ ਕਰ ਰਹੇ ਲੋਕਾਂ ਨੂੰ ਜਾਗਰੂਕ ਕਰਨ ਲਈ ਫਿਲਮ ਫੂਲੇ ਸਿਲਵਰ ਬਰਡ ਸਿਨੇਮਾ ਫਿਰੋਜ਼ਪੁਰ ਵਿਖੇ 8 ਮਈ ਨੂੰ ਬਿਲਕੁਲ ਫਰੀ ਦਿਖਾਈ ਜਾਵੇਗੀ। ਉਸ ਤੋਂ ਬਾਅਦ ਜਿਹੜੀਆਂ ਸੰਗਤਾਂ ਫ਼ਿਲਮ ਦੇਖਣ ਜਾਣਗੀਆਂ ਉਨ੍ਹਾਂ ਲਈ ਲੰਗਰ ਦੀ ਸੇਵਾ ਵੀ ਕੀਤੀ ਜਾਵੇਗੀ। ਗੱਲਬਾਤ ਕਰਦਿਆਂ ਕਿੱਕਰ ਸਹੋਤਾ ਨੇ ਦੱਸਿਆ ਕਿ ਫਿਲਮ ਦਿਖਾਉਣ ਦਾ ਮਕਸਦ ਇਸ ਫਿਲਮ ਵਿਚ ਜੀਵਨ ਦੀਆਂ ਬਹੁਤ ਗਹਿਰੀਆਂ ਗੱਲਾਂ ਹਨ, ਜੋ ਵੇਖ ਸੁਣ ਕੇ ਸਾਡੇ ਜੀਵਨ ਨੂੰ ਬਦਲ ਸਕਦੀਆਂ ਹਨ। ਇਸ ਮੌਕੇ ਪਿੱਪਲ ਸਹੋਤਾ ਜ਼ਿਲਾ ਪ੍ਰਧਾਨ ਭਵਦਾਸ ਵੱਲੋਂ ਵੀ ਸੰਗਤਾਂ ਨੂੰ ਅਪੀਲ ਕੀਤੀ ਕਿ ਫਿਲਮ ਫੂਲੇ ਵੱਧ ਤੋਂ ਵੱਧ ਵੇਖ ਕੇ ਲਾਹਾ ਲਿਆ ਜਾ ਸਕੇ। ਇਸ ਮੌਕੇ ਮਨਜੀਤ ਸਿੰਘ ਤੇ ਸਰਬਜੀਤ ਸਿੰਘ ਬਾਠ ਸਮਾਜ ਸੇਵੀ ਨੇ ਵੀ ਕਿਹਾ ਕਿ ਸਾਨੂੰ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਇਕ—ਦੂਜੇ ਨਾਲ ਖੜਨਾ ਚਾਹੀਦਾ ਹੈ, ਇਹੋ ਜਿਹੀਆਂ ਫ਼ਿਲਮਾਂ ਵੱਧ ਤੋਂ ਵੱਧ ਵੇਖਣੀਆ ਚਾਹੀਦੀਆਂ ਹਨ ਤਾਂ ਫਿਲਮ ਇੰਡਸਟਰੀ ਦਾ ਵੀ ਝੁਕਾਅ ਵੱਧੇ ਇਹੋ ਜਿਹੀਆਂ ਫ਼ਿਲਮਾਂ ਬਣਾਉਣ ਲਈ ਜੋਂ ਜੀਵਨ ਦੀ ਸਚਾਈ ਪੇਸ਼ ਕਰਦੀਆਂ ਹੋਣ।




ਆਵਾਜ਼ਿ ਕੌਮ AWAZE QAUM International Newspaper & WEB TV

ਭਾਰਤ-ਪਾਕਿਸਤਾਨ ਤਣਾਅ 'ਚ ਵਾਧਾ

# ਯੂਕੇ, ਅਮਰੀਕਾ, ਆਸਟਰੇਲੀਆ ਤੇ ਹੋਰ ਦੇਸ਼ਾਂ ਨੇ ਜਾਰੀ ਕੀਤੀਆਂ ਚੇਤਾਵਨੀਆਂ

**ਲੰਡਨ/ਵਾਸ਼ਿੰਗਟਨ/ਕੈਨਬੇਰਾ/ਮਾਸਕੋ (ਸਰਬਜੀਤ ਸਿੰਘ ਬਨੂੜ)**-ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧ ਰਹੇ ਤਣਾਅ ਕਾਰਨ ਦੁਨੀਆ ਭਰ ਦੇ ਕਈ ਦੇਸ਼ਾਂ ਨੇ ਆਪਣੇ ਨਾਗਰਿਕਾਂ ਲਈ ਤੁਰੰਤ ਯਾਤਰਾ ਚੇਤਾਵਨੀਆਂ ਜਾਰੀ ਕਰ ਦਿੱਤੀਆਂ ਹਨ। ਭਾਰਤੀ ਹਵਾਈ ਕਾਰਵਾਈ ਅਤੇ ਲਾਈਨ ਆਫ ਕੰਟਰੋਲ 'ਤੇ ਪਾਕਿਸਤਾਨ ਵੱਲੋਂ ਭਾਰੀ ਗੋਲਾਬਾਰੀ ਦੀ ਪ੍ਰਤਿਕ੍ਰਿਆ ਦੇ ਮੱਦੇਨਜ਼ਰ ਇਹ ਚੇਤਾਵਨੀ ਜਾਰੀ ਕੀਤੇ ਗਏ ਹਨ।




ਯੂਨਾਈਟਡ ਕਿੰਗਡਮ (ਯੂਕੇ) ਦੇ ਵਿਦੇਸ਼ ਮੰਤਰਾਲਾ ਨੇ ਭਾਰਤ-ਪਾਕਿਸਤਾਨ ਸਰਹੱਦ ਤੋਂ 10 ਕਿਲੋਮੀਟਰ ਦੇ ਦਾਇਰੇ ਅਤੇ ਜੰਮੂ-ਕਸ਼ਮੀਰ ਖੇਤਰ (ਸ੍ਰੀਨਗਰ, ਗੁਲਮਰਗ, ਸੋਨਮਰਗ ਆਦਿ) ਵਿੱਚ ਸਾਰੀ ਯਾਤਰਾ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ 7 ਮਈ ਨੂੰ ਭਾਰਤ ਵਿੱਚ ਹੋਣ ਵਾਲੇ ਸਿਵਲ ਡਿਫ਼ੈਂਸ ਮੌਕ ਅਭਿਆਸ ਕਾਰਨ ਅਸਥਾਈ ਬਿਜਲੀ ਬੰਦ, ਮੋਬਾਈਲ ਸੇਵਾਵਾਂ ਬਾਧਤ ਹੋਣ ਜਾਂ ਐਵੈਕੁਏਸ਼ਨ ਅਭਿਆਸ ਕਰਨ ਦੇ ਮੱਦੇਨਜ਼ਰ ਧਿਆਨ ਦੇਣ ਲਈ ਕਿਹਾ ਗਿਆ ਹੈ।

**ਸੰਯੁਕਤ ਰਾਜ ਅਮਰੀਕਾ** -ਅਮਰੀਕੀ ਰਾਜ ਵਿਭਾਗ ਨੇ ਆਪਣੇ ਨਾਗਰਿਕਾਂ ਨੂੰ ਭਾਰਤ-ਪਾਕਿਸਤਾਨ ਸਰਹੱਦੀ ਖੇਤਰਾਂ, ਜੰਮੂ-ਕਸ਼ਮੀਰ, ਬਲੋਚਿਸਤਾਨ ਅਤੇ ਖੈਬਰ ਪਖ਼ਤੂਨਖ਼ਵਾ ਵਿੱਚ ਨਾ ਜਾਣ ਦੀ ਚਤਾਵਨੀ ਦਿੱਤੀ ਹੈ। ਉਨ੍ਹਾਂ ਨੇ ਤਣਾਅ ਦੀ ਗੰਭੀਰਤਾ ਤੇ ਆਤੰਕਵਾਦੀ ਕਾਰਵਾਈਆਂ ਦੇ ਖ਼ਤਰੇ ਨੂੰ ਦਰਸਾਇਆ ਹੈ।

**ਆਸਟਰੇਲੀਆ**-ਆਸਟਰੇਲੀਆਈ ਸਰਕਾਰ ਨੇ ਭਾਰਤ ਵਿੱਚ ਯਾਤਰਾ ਕਰਨ ਦੀ ਸਲਾਹ ਦਿੰਦਿਆਂ ਜੰਮੂ-ਕਸ਼ਮੀਰ, ਸਰਹੱਦੀ ਖੇਤਰ ਅਤੇ ਨਕਸਲ ਪ੍ਰਭਾਵਿਤ ਇਲਾਕਿਆਂ ਤੋਂ ਦੂਰ ਰਹਿਣ ਦੀ ਚੇਤਾਵਨੀ ਜਾਰੀ ਕੀਤੀ ਹੈ। ਪਾਕਿਸਤਾਨ ਦੀ ਯਾਤਰਾ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ।

**ਰੂਸ**-ਰੂਸ ਨੇ ਵੀ ਆਪਣੇ ਨਾਗਰਿਕਾਂ ਨੂੰ ਪਾਕਿਸਤਾਨ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਨੇ ਪੂਰੀ ਸਥਿਤੀ ਉੱਤੇ ਨਿਗਰਾਨੀ ਜਾਰੀ ਰੱਖਣ ਦੀ ਗੱਲ ਕਹੀ ਹੈ।

**ਹਵਾਈ ਰੂਟਾਂ 'ਚ ਤਬਦੀਲੀਆਂ**-ਤਣਾਅ ਕਾਰਨ 5੭1 ਏਅਰ, ਕੋਰੀਅਨ ਏਅਰ, ਥਾਈ ਏਅਰਵੇਜ਼ ਅਤੇ ਹੋਰ ਕਈ ਏਸ਼ੀਆਈ ਏਅਰਲਾਈਨਾਂ ਨੇ ਪਾਕਿਸਤਾਨ ਹਵਾਈ ਖੇਤਰ ਤੋਂ ਗੁਜਰਨ ਵਾਲੀਆਂ ਉਡਾਣਾਂ ਨੂੰ ਮੁੜ ਨਿਰਦੇਸ਼ਤ ਕੀਤਾ ਹੈ, ਜਿਸ ਨਾਲ ਯਾਤਰਾ ਸਮੇਂ ਵਿੱਚ ਵਾਧਾ ਹੋਇਆ ਹੈ। ਵੱਖ ਵੱਖ ਦੇਸ਼ਾਂ ਨੇ ਯਾਤਰੀਆਂ ਨੂੰ ਆਪਣੀ ਯਾਤਰਾ ਦੌਰਾਨ ਏਅਰਲਾਈਨ ਨਾਲ ਸੰਪਰਕ ਕਰਕੇ ਹਾਲਾਤ ਬਾਰੇ ਤਾਜ਼ਾ ਜਾਣਕਾਰੀ ਲੈਣ ਅਤੇ ਸਥਾਨਕ ਸਰਕਾਰਾਂ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ।

## ਦੁਨੀਆ ਦੇ ਨਕਸ਼ੇ ਤੇ ਖਾਲਿਸਤਾਨ ਦੇ ਆਸਾਰ ਮੁੜ ਉਭਰੇ, ਏਸ਼ੀਆ 'ਦੇ ਖ਼ਿੱਤੇ ਵਿੱਚ ਖਾਲਿਸਤਾਨ ਦੇਸ਼ ਤੋ ਬਗੈਰ ਸ਼ਾਂਤੀ ਅਸੰਭਵ ਹੈ

# ਜੰਗਾਂ ਦੀ ਰਾਜਨੀਤੀ ਨਹੀਂ, ਦੁਨੀਆ ਨੂੰ ਸ਼ਾਂਤੀ ਚਾਹੀਦੀ ਹੈ

ਅੱਜ ਜਦੋਂ ਭਾਰਤ-ਪਾਕਿਸਤਾਨ ਵਾਂਗ ਸਰਹੱਦੀ ਤਣਾਅ ਫਿਰ ਤੋਂ ਚਰਮ 'ਤੇ ਪਹੁੰਚ ਰਿਹਾ ਹੈ, ਤਾਂ ਪਾਕਿਸਤਾਨ ਵੱਲੋਂ ਦਿੱਤੀ ਜਾ ਰਹੀ ਪਰਮਾਣੂ ਹਮਲੇ ਦੀ ਚੇਤਾਵਨੀ ਸਿਰਫ਼ ਦੋ ਦੇਸ਼ਾਂ ਨਹੀਂ, ਸਗੋਂ ਪੂਰੇ ਇਲਾਕੇ ਤੇ ਦੁਨੀਆ ਲਈ ਇਕ ਵੱਡਾ ਖ਼ਤਰਾ ਬਣੀ ਹੋਈ ਹੈ। ਇਨਸਾਨੀਅਤ ਦੇ ਇਤਿਹਾਸ 'ਚ ਜਿੱਥੇ ਵੀ ਜੰਗ ਹੋਈ, ਉਥੇ ਆਖ਼ਰਕਾਰ ਮੌਤ ਨੇ ਹੀ ਜਿੱਤ ਕੀਤੀ।




ਜਪਾਨ ਦੇ ਹਿਰੋਸ਼ੀਮਾ ਤੇ ਨਾਗਾਸਾਕੀ ਵਿੱਚ ਪਰਮਾਣੂ ਹਮਲਿਆਂ ਦੀ ਤਬਾਹੀ ਅਜੇ ਵੀ ਇਨਸਾਨੀ ਜ਼ਮੀਰ ਨੂੰ ਝੰਜੋੜ ਰਹੀ ਹੈ। ਪਰਮਾਣੂ ਹਥਿਆਰ ਕੋਈ ਸ਼ਾਨ ਨਹੀਂ, ਸਗੋਂ ਸਮੂਹ ਵਿਕਾਸ ਨੂੰ ਖਤਮ ਕਰਨ ਵਾਲੀ ਰਾਜਨੀਤਕ ਹਠਧਰਮਤਾ ਦਾ ਨਤੀਜਾ ਹਨ।

ਇਸ ਸਮੇਂ ਜਦੋਂ ਦੁਨੀਆ ਭਰ ਵਿੱਚ ਗਜ਼ਾ, ਯੂਕਰੇਨ, ਸੁਡਾਨ ਅਤੇ ਹੋਰ ਕਈ ਥਾਵਾਂ ਤੇ ਨਿਰਦੋਸ਼ ਨਾਗਰਿਕ ਰੋਜ਼ਾਨਾ ਜਾਨਾਂ ਗੁਆ ਰਹੇ ਹਨ, ਇਨ੍ਹਾਂ ਵਿੱਚ ਨ ਫੌਜੀ ਜਿੱਤ ਰਿਹਾ, ਨ ਕਿਸੇ ਸਰਕਾਰ ਦੀ ਲਾਜ ਰਹੀ। ਹਾਰ ਰਹੀ ਹੈ ਤਾਂ ਕੇਵਲ ਇਨਸਾਨੀਅਤ।

ਜੰਗਾਂ ਦੀ ਭੁੱਖ ਰੱਖਣ ਵਾਲੇ ਨੇਤਾ ਭੁਲ ਜਾਂਦੇ ਹਨ ਕਿ ਜੇਕਰ ਪਰਮਾਣੂ ਹਥਿਆਰ ਵਰਤੇ ਜਾਂਦੇ ਹਨ, ਤਾਂ ਨਾ ਕੋਈ ਧਰਮ ਬਚੇਗਾ, ਨਾ ਕੋਈ ਰਾਜ। ਓਹ ਤਪਿਸ਼ ਹਰ ਰੁੱਖ, ਹਰ ਪਰਿੰਦੇ, ਹਰ ਬੱਚੇ ਨੂੰ ਰਾਖ ਕਰ ਦੇਵੇਗੀ।

ਅਸੀਂ ਉਹ ਲੋਕ ਹਾਂ, ਜੋ ਗੁਰੂ ਨਾਨਕ ਦੀ ਬਾਣੀ ਦੀ ਧਰਤੀ ਤੋਂ ਹਾਂ। ਜਿਥੇ ਪੀਰਾਂ, ਫ਼ਕੀਰਾਂ, ਗੁਰੂਆਂ ਨੇ ਸੱਚ, ਹੱਕ ਤੇ ਅਮਨ ਲਈ ਕੁਰਬਾਨੀ ਦਿੱਤੀ।

ਜਿਥੇ "ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨ ਆਇਆ ?" ਦਾ ਜ਼ੋਰ ਨਾਲ ਸਵਾਲ ਪੁੱਛਿਆ ਗਿਆ।

ਬਾਬਰ ਨੂੰ ਜਾਬਰ ਕਹਿ ਕੇ ਸੱਚ ਦੀ ਬੁੱਲੰਦ ਆਵਾਜ਼ ਬਣਾਈ ਗਈ। ਇਹ ਧਰਤੀ ਜਿੱਤਣ ਵਾਲੀਆਂ ਜੰਗਾਂ ਦੀ ਨਹੀਂ, ਜਿੱਤਣ ਵਾਲੇ ਅਰਥਾਂ ਦੀ ਧਰਤੀ ਹੈ।

ਜਿੱਥੇ ਆਮ ਲੋਕਾਂ ਦੀਆਂ ਹੱਡੀਆਂ 'ਚ ਵੀ ਸ਼ਾਂਤੀ ਦੀ ਲੋਹ ਵੱਸਦੀ ਹੈ।

ਸੱਦਾ ਆ ਰਿਹਾ ਹੈ —
ਨਾ ਲੜੋ, ਲੋਕਾਂ ਨੂੰ ਜੀਣ ਦੇਵੋ।
ਹਕ ਦਿਵੋ, ਕਦਰ ਦਿਵੋ।
ਜੰਗਾਂ ਦੀ ਰਾਜਨੀਤੀ ਨਹੀਂ,
ਅਮਨ ਦੀ ਰਾਜਨੀਤੀ ਕਰੋ।

ਬਹੁਤੇ ਜਾਲਮ ਆਏ, ਚਲੇ ਗਏ। ਅੱਜ ਉਨ੍ਹਾਂ ਦੇ ਨਾਂਅ ਲੈਣ ਵਾਲਾ ਕੋਈ ਨਹੀਂ ਪਰ ਜਿਨ੍ਹਾਂ ਨੇ ਹੱਕ ਸੱਚ ਲਈ ਆਪਣਾ ਸਿਰ ਕਟਾਇਆ, ਉਹ ਅੱਜ ਵੀ ਇਤਿਹਾਸ ਵਿੱਚ, ਅਤੇ ਲੋਕਾਂ ਦੇ ਹਿਰਦਿਆਂ ਵਿੱਚ ਵੱਸਦੇ ਹਨ।

ਇਕ ਸਚ-ਜੋ ਦੁਨੀਆਂ ਦੀਆਂ ਅਭੁੱਲ ਯਾਦਾਂ ਹਨ
ਹਿਰੋਸ਼ੀਮਾ ਸਾੜਿਆ, ਨਾਗਾਸਾਕੀ ਰੋਇਆ,
ਲੱਖਾਂ ਲੋਕ ਮਰ ਗਏ, ਅਸਮਾਨ ਵੀ ਭਿੰਨ ਹੋਇਆ।
ਜਿਹੜੇ ਹੱਕ ਲਈ ਲੜੇ,
ਉਹ ਅੱਜ ਵੀ ਸੱਚ ਦੇ ਮੰਦਰ ਹਨ।
ਜਿਹੜੇ ਜੰਗਾਂ ਦੀ ਰਾਜਨੀਤੀ ਕਰਦੇ,
ਉਹ ਭਵਿੱਖ ਦੀ ਤਬਾਹੀ ਦੇ ਖੰਭਰ ਹਨ।
ਇਹ ਸਿਰਫ਼ ਲਫ਼ਜ਼ ਨਹੀਂ, ਇੱਕ ਆਵਾਜ਼ ਹੈ।
ਆਵਾਜ਼ ਜੋ ਲੋਕਾਂ ਨੂੰ ਉੱਠਣ ਲਈ ਕਹਿੰਦੀ ਹੈ।
ਆਓ ਅਸੀਂ ਸਭ ਮਿਲ ਕੇ ਕਹੀਏ:
'ਨਾ ਲੜੋ, ਲੋਕਾਂ ਨੂੰ ਜੀਣ ਦੇਵੋ!'
ਅੱਤਵਾਦ ਦਾ ਕੋਈ ਧਰਮ ਨਹੀਂ
ਅੱਜ ਸਭ ਲਈ ਅਰਦਾਸ ਕਰੋ

ਇਸ ਸੰਘਰਸ਼ ਦੀ ਲੋੜ ਨਹੀਂ ਹੈ। ਭਾਰਤ ਤੇ ਪਾਕਿਸਤਾਨ ਵਰਗੇ ਪਿਆਰੇ ਲੋਕਾਂ ਦੇਸ਼ ਜਿਥੇ ਸਭਿਆਚਾਰ, ਇਤਿਹਾਸ, ਤੇ ਰਿਸ਼ਤੇ ਇਕ ਦੂਜੇ ਨਾਲ ਗੁੰਝਲਦਾਰ ਹਨ, ਉਥੇ ਲੜਾਈ ਨਹੀਂ, ਸ਼ਾਂਤੀ ਦੀ ਗੂੰਜ ਹੋਣੀ ਚਾਹੀਦੀ ਹੈ। ਦੋਵੇ ਦੇਸ਼ਾਂ ਵਿੱਚ ਸ਼ਾਂਤੀ ਦੀ ਹੁਣ ਇੱਕ ਹੀ ਕਿਰਨ ਬਾਕੀ ਹੈ ਉਹ ਹੈ ਸਿੱਖਾਂ ਦਾ ਆਪਣਾ ਮੁਲਕਾਂ ਦੋਵੇਂ ਦੇਸ਼ਾਂ ਵਿਚਕਾਰ ਖਾਲਿਸਤਾਨ ਅਜ਼ਾਦ ਪੰਜਾਬ। ਜੇਕਰ ਅਸੀਂ ਅੱਜ ਨਹੀਂ ਸੰਭਲੇ, ਤਾਂ ਕੱਲ੍ਹ ਦਾ ਇਤਿਹਾਸ ਸਾਨੂੰ ਕਦੇ ਮਾਫ਼ ਨਹੀਂ ਕਰੇਗਾ।

ਸ਼ਬਦ ਅੰਤ ਨਹੀਂ, ਬੇਦਾਰੀ ਦੀ ਸ਼ੁਰੂਆਤ ਬਣਣੇ ਚਾਹੀਦੇ ਹਨ। ਜੰਗ ਨਹੀਂ, ਹੁਣ ਜ਼ਰੂਰਤ ਹੈ ਸ਼ਾਂਤੀ ਦੇ ਸਨਮਾਨ ਦੀ। ਦੁਨੀਆ ਦੇ ਨਕਸ਼ੇ ਤੇ ਖਾਲਿਸਤਾਨ ਦੇ ਆਸਾਰ ਮੁੜ ਉਭਰੇ ਹਨ, ਏਸ਼ੀਆ 'ਦੇ ਖ਼ਿੱਤੇ ਵਿੱਚ ਖਾਲਿਸਤਾਨ ਦੇਸ਼ ਤੋ ਬਗੈਰ ਸ਼ਾਂਤੀ ਅਸੰਭਵ ਹੈ।

**-ਸਰਬਜੀਤ ਸਿੰਘ ਬਨੂੜ**

## ਕਦੇ ਇਹੋ ਜਿਹਾ ਏਕਾ ਭਾਰਤ ਨੇ "ਚਿੱਟੀਸਿੰਘਪੁਰਾ" ਦੇ ਸਿੱਖ ਕਤਲੇਆਮ ਦੇ ਸਿੱਖਾਂ ਨੂੰ ਇਨਸਾਫ਼ ਦਵਾਉਣ ਲਈ ਵਿਖਾਇਆ ਹੁੰਦਾ ਤਾਂ ਅੱਜ ਆ ਸਾਰੇ ਮਜਬੂਰੀ ਵੱਸ ਨਹੀਂ ਸਗੋਂ ਦਿਲੋਂ ਤੁਹਾਨੂੰ ਸਰਾਹੁੰਦੇ ?




ਦੇਸ਼ ਸਭ ਤੋਂ ਉੱਤੇ ਹੈ ਪਰ ਅਤੀਤ ਤੋਂ ਲੈਕੇ ਹੁਣ ਤੱਕ ਦੇ ਹੋਏ ਵਿਤਕਰੇ ਵੀ ਨਹੀਂ ਭੁੱਲਦੇ... ਅੱਜ ਵੀ ਗੁਰਦੁਆਰਾ ਸਾਹਿਬ ਅਤੇ ਰਾਗੀ ਸਿੰਘਾਂ ਨਾਲ ਜੋ ਬੀਤਿਆ ਉਹਨਾਂ ਭੈਣਾਂ ਦਾ "ਸੰਧੂਰ" ਉੱਜੜਿਆ ਪਰ ਇੱਥੇ "ਸੰਧੂਰ" ਵਿੱਚ ਵੀ ਫ਼ਰਕ ਕਰਨਾ ਆਉਂਦਾ ਹੈ। ਸ਼ਾਇਦ ਉਹਨਾਂ ਦਾ ਜ਼ਿਕਰ ਭਾਰਤੀ ਮੀਡੀਆ ਉਸ ਵਕਤ ਕਰੇ ਜਦੋਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਕਿਤੇ ਵਰਤਣਾ ਹੋਵੇਗਾ ... ਦੇਸ਼ ਦੇ ਹੋਰ ਕੋਨਿਆਂ ਵਿੱਚ ਬੈਠਿਆ ਨੂੰ ਜਾਂ ਦੇਸ਼ ਤੋਂ ਬਾਹਰ ਬੈਠਿਆ ਨੂੰ ਇਹ ਇੱਕ ਫ਼ਿਲਮ ਦੇ ਦ੍ਰਿਸ਼ ਤੋਂ ਵੱਧ ਨਹੀਂ ਲੱਗਣਾ.. ਚੁਟਕੁਲੇ ਬਣਾਉਣਗੇ, ਰੀਲਾਂ ਪਾਉਣਗੇ, ਮੀਡੀਆ ਨੋਟ ਛਾਪ ਲਊ , ਸੇਨਾ ਦੀ ਵਾਹਵਾਹੀ ਕਰਨਗੇ, ਕਿਤੇ ਸਾਡੇ ਵਰਗਿਆਂ ਨੂੰ ਗਾਲਾਂ ਕੱਢ ਲੈਣਗੇ ਜੋ ਇਸ ਜੰਗ ਦੇ ਵਿਰੋਧ 'ਚ ਹਨ ਪਰ ਅੰਤ ਵਿੱਚ ਭੁਗਤੇਗਾ ਕੌਣ ?ਦੋਵਾਂ ਮੁਲਖਾਂ ਦੇ ਸਰਹੱਦੀ ਇਲਾਕਿਆਂ ਵੱਲ ਗੇੜ੍ਹਾ ਕੱਢ ਆਓ ਜੇ ਇਸਦਾ ਜਵਾਬ ਚਾਹੀਦਾ...

ਅਮਰੀਕਾ ਨੇ ਸੱਤ ਸਮੁੰਦਰੋਂ ਪਾਰ ਆਕੇ ਲਾ ਦੇਨ ਮਾਰਿਆ ਸੀ ।ਸਰਕਾਰਾਂ ਕੋਲ ਬਹੁਤ ਤਰੀਕੇ ਹੁੰਦੇ ਨੇ ਪਰ ਦੇਸ਼ ਦੀ ਇੰਟੈਲੀਜੈਂਸ ਫੇਲ ਹੋਣ ਬਾਰੇ ਅਤੇ ਪਹਿਲਗਾਮ ਦੇ ਸੁਰੱਖਿਆ ਘੇਰੇ ਬਾਰੇ ਕਿਸੇ ਨੇ ਸਵਾਲ ਨਹੀਂ ਕੀਤੇ । ਖ਼ੈਰ "ਸੰਧੂਰ" ਦੀ ਕੀਮਤ ਧਰਮਾਂ ਅਤੇ ਕੌਮਾਂ ਦੇ ਆਧਾਰ 'ਤੇ ਸਮਝਣ ਵਾਲੇ ਇਸ ਪ੍ਰੀਕ੍ਰਿਆ ਅਤੇ "ਮਾਨਸਿਕ ਸੰਤੁਸ਼ਟੀ" ਨੂੰ ਜਲਦੀ ਅੰਜਾਮ ਦੇਕੇ ਲੋਕਾਂ ਨੂੰ ਸੁੱਖ ਦਾ ਸਾਹ ਲੈਣ ਦੇਣ । ਪੰਜਾਬ ਇਸ ਵਕ.ਤ ਅਜਿਹੀ ਜੰਗ ਝੱਲਣ ਦੇ ਹਾਲਾਤਾਂ ਵਿੱਚ ਨਹੀਂ...ਇਹਨੇ ਦੁਬਾਰਾ ਨਹੀਂ ਉੱਠ ਹੋਣਾ ?

**-ਰੂਪ ਕੌਰ ਸੰਧੂ**

## ਮੈਂ ਸਾਬੀ ਹਾਂ - ਬਨੂੜ ਤੋਂ ਅਜ਼ਾਦੀ ਦੀ ਕੂਕ (ਪੰਜਾਬ ਦੀ ਜ਼ਮੀਨ ਤੋਂ)

ਮੈਂ ਸਾਬੀ ਹਾਂ,
ਪੰਜਾਬ ਦੀ ਜੜ੍ਹਾਂ ਚੋਂ ਉੱਗੀ ਆਵਾਜ਼।
ਮੈਂ ਉਹ ਪਾਣੀ ਹਾਂ,
ਜਿਸ ਨੂੰ ਨਦੀਆਂ ਨੇ ਰੋਲੇ ਰੋਲੇ ਸੁੱਟ ਦਿੱਤਾ,
ਤੇ ਸਰਹੱਦਾਂ ਨੇ ਟੈਮ ਲਾ ਕੇ ਵੇਚ ਦਿੱਤਾ।

ਮੈਂ ਉਹ ਖੇਤ ਹਾਂ,
ਜਿੱਥੇ ਮਾਂ ਦੀ ਗੋਦ ਸਮਾਨ ਮਿੱਟੀ
ਹਰ ਵੇਲੇ ਮੌਤ ਤੇ ਮਿਹਨਤ ਵਿਚੋਂ ਅੰਨ ਜਣਦੀ ਹੈ।
ਮੈਂ ਕਿਸਾਨ ਦੀ ਖੇਸ ਹਾਂ
ਜੋ ਮਕਾਨਾਂ ਦੀ ਨਹੀਂ,
ਸਿਰਫ਼ ਧਰਤੀ ਦੀ ਛਾਂ ਲੱਭਦੀ ਹੈ।

ਮੈਂ ਉਹ ਪੁੱਤਰ ਹਾਂ
ਜੋ ਰੋਜ਼ ਰੋਜ਼ ਅਣਦੇਖੀ ਹੋਇਆ -
ਦੇਸ਼ ਦੇ ਰਾਜ ਵਿਚ ਨਹੀਂ,
ਕਿਸੇ ਲੁੱਟ ਦੇ ਇਲਾਕੇ ਵਿਚ ਵੱਸਦਾ ਹਾਂ।

ਮੈਂ ਕੂਕ ਹਾਂ,
ਜੋ ਵਿਧਾਨ ਸਭਾ ਦੀ ਕੰਨੀਂ ਨਹੀਂ ਪਹੁੰਚੀ,
ਪਰ ਹਰ ਗਰੀਬ ਦੀ ਝੌਂਪੜੀ ਵਿੱਚ ਗੂੰਜੀ।

ਮੈਂ ਨਹੀਂ ਮੰਗਦਾ ਕਿਰਪਾ,
ਮੈਂ ਮੰਗਦਾ ਹਾਂ ਹੱਕ -
ਪਾਣੀ ਦੇ, ਜ਼ਮੀਨ ਦੇ, ਇਜ਼ਤ ਦੇ,
ਅਤੇ ਆਪਣੇ ਰਾਜ ਦੇ!

ਮੈਂ ਨਹੀਂ ਝੁਕਿਆ,
ਮੈਂ ਉਹ ਦਸਤਾਰ ਹਾਂ
ਜਿਸ ਅੱਗੇ ਰਾਜੇ ਮਹਾਰਾਜੇ ਝੁਕੇ ਸਨ।
ਮੈਂ ਉਸ ਪਰਚਮ ਦੀ ਤਰ੍ਹਾਂ ਲਹਿਰਾਇਆ ਗਿਆ
ਜੋ ਨਾ ਕਦੇ ਥੱਕਦਾ, ਨਾ ਝੁਕਦਾ।

ਮੈਂ ਸਾਬੀ ਹਾਂ - ਬਨੂੜ ਤੋਂ,
ਅੱਜ ਨਹੀਂ ਤਾਂ ਕੱਲ੍ਹ,
ਇਹ ਜ਼ਮੀਨ ਆਵਾਜ਼ ਮੰਗੇਗੀ -
ਅਤੇ ਅਸੀਂ ਕਹਾਂਗੇ:
"ਹਾਂ, ਅਸੀਂ ਆਪਣਾ ਰਾਜ ਮੰਗਦੇ ਹਾਂ -
ਅਸੀਂ ਅਜ਼ਾਦੀ ਮੰਗਦੇ ਹਾਂ!"
ਗੋਲੀ ਨਾਲ ਨਹੀ, ਅੱਜ
ਕਲਮ ਦੇ ਜ਼ੋਰ ਤੇ ਮੰਗਦੇ ਹਾ।

### ਰਿਫਾਇਨਰੀ ਟਾਊਨਸ਼ਿਪ ਵਿਚ ਸੀਵਰੇਜ ਦੀ ਸਫ਼ਾਈ ਦੌਰਾਨ ਗੈਸ ਚੜ੍ਹਨ ਕਾਰਨ

# ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਵੱਲੋਂ ਇਨਸਾਫ ਲਈ ਦਿੱਤਾ ਗਿਆ ਧਰਨਾ





**ਤਲਵੰਡੀ ਸਾਬੋ, 7 ਮਈ (ਗੁਰਜੰਟ ਸਿੰਘ ਨਥੇਹਾ)-** ਮੰਗਲਵਾਰ ਨੂੰ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੀ ਟਾਊਨਸ਼ਿਪ ਕਲੋਨੀ ਵਿੱਚ ਟਰੀਟਮੈਂਟ ਪਲਾਂਟ ਦੀ ਸਫਾਈ ਕਰਦੇ ਸਮੇਂ ਤਿੰਨ ਵਿਅਕਤੀਆਂ ਸੁਖਪਾਲ ਸਿੰਘ ਵਾਸੀ ਚੱਕ ਅਤਰ ਸਿੰਘ ਵਾਲਾ, ਅਸਤਰ ਅਲੀ ਵਾਸੀ ਜੱਸੀ ਬਾਗ. ਵਾਲੀ, ਰਾਜਵਿੰਦਰ ਸਿੰਘ ਹੈਬੂਆਨਾ ਦੀ ਗੈਸ ਚੜ੍ਹਨ ਨਾਲ ਹੋਈ ਮੌਤ ਅਤੇ ਇੱਕ ਕਰਮਚਾਰੀ ਕ੍ਰਿਸ਼ਨ ਕੁਮਾਰ ਵਾਸੀ ਨੌਰੰਗ ਦੇ ਬੇਹੋਸ਼ ਹੋਣ ਤੋਂ ਬਾਅਦ ਅੱਜ ਉਹਨਾਂ ਦੇ ਪਰਿਵਾਰਾਂ ਵੱਲੋਂ ਇਨਸਾਫ ਲੈਣ ਲਈ ਪਿੰਡ ਵਾਸੀਆਂ ਅਤੇ ਟਾਊਨਸ਼ਿਪ ਮੁਲਾਜ਼ਮਾਂ ਨਾਲ ਮਿਲਕੇ ਟਾਊਨਸ਼ਿਪ ਕਲੋਨੀ ਗੇਟ ਦੇ ਅੱਗੇ ਅੱਜ ਸ਼ਾਂਤਮਈ ਧਰਨਾ ਦਿੱਤਾ ਗਿਆ। ਇਸ ਮੌਕੇ ਸ਼ਾਂਤੀ ਬਣਾਈ ਰੱਖਣ ਲਈ ਵੱਡੀ ਗਿਣਤੀ ਵਿਚ ਪੁਲਿਸ ਤੈਨਾਤ ਕੀਤੀ ਗਈ। ਧਰਨੇ ਤੋਂ ਕਰੀਬ 4 ਘੰਟੇ ਬਾਅਦ ਰਿਫਾਇਨਰੀ ਅਧਿਕਾਰੀ ਜੀਵਨਜੋਤ ਸਿੰਘ ਵੱਲੋਂ ਮੌਕੇ 'ਤੇ ਪਹੁੰਚ ਕੇ ਉਕਤ ਕੰਪਨੀ ਦੀ ਤਰਫੋਂ ਪ੍ਰਸ਼ਾਸ਼ਿਨਕ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਮ੍ਰਿਤਕ ਤਿੰਨੇ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਵਜੋਂ 37-37 ਲੱਖ ਰੁਪਏ ਨਕਦ, 9-9 ਲੱਖ ਰੁਪਏ ਬੀਮਾ ਰਾਸ਼ੀ, ਵਾਰਸਾਂ ਨੂੰ ਸਾਰੀ ਉਮਰ ਮ੍ਰਿਤਕਾਂ ਦੀ ਤਨਖਾਹ ਪੈਨਸ਼ਨ ਵਜੋਂ ਅਤੇ ਕੰਪਨੀ ਦੇ ਪੀਐਫ ਵਿਭਾਗ ਵੱਲੋਂ ਮ੍ਰਿਤਕਾਂ ਦੇ ਬੱਚਿਆਂ ਨੂੰ 21 ਸਾਲ ਦੀ ਉਮਰ ਤੱਕ ਪੈਨਸ਼ਨਾਂ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਇਲਾਵਾ ਇਲਾਜ ਅਧੀਨ ਕਰਮਚਾਰੀ ਕ੍ਰਿਸ਼ਨ ਕੁਮਾਰ ਵਾਸੀ ਨੌਰੰਗ ਨੂੰ ਮੁਆਵਜ਼ੇ ਵਜੋਂ 4 ਲੱਖ ਨਕਦ ਅਤੇ ਪੂਰੀ ਤਰ੍ਹਾਂ ਸਿਹਤਮੰਦ ਹੋਣ ਤੱਕ ਉਸਦੀ ਪੂਰੀ ਤਨਖਾਹ ਦੇਣ ਦਾ ਭਰੋਸਾ ਦਿੱਤਾ ਗਿਆ। ਭਰੋਸੇ ਤੋਂ ਬਾਅਦ ਮ੍ਰਿਤਕਾਂ ਦੇ ਵਾਰਸਾਂ ਵੱਲੋਂ ਧਰਨਾ ਖ਼ਤਮ ਕਰ ਦਿੱਤਾ ਗਿਆ ਹੈ। ਇਸ ਮੌਕੇ ਪ੍ਰਸ਼ਾਸ਼ਿਨਕ ਅਧਿਕਾਰੀ ਉਪ ਮੰਡਲ ਮੈਜਿਸਟਰੇਟ ਪੰਕਜ ਕੁਮਾਰ ਤਲਵੰਡੀ ਸਾਬੋ, ਰਵਿੰਦਰਜੀਤ ਸਿੰਘ ਨਾਇਬ ਤਹਿਸੀਲਦਾਰ ਤਲਵੰਡੀ ਸਾਬੋ, ਰਾਜੇਸ਼ ਸਨੇਹੀ ਪੁਲਿਸ ਉਪ ਕਪਤਾਨ ਤਲਵੰਡੀ ਸਾਬੋ, ਇੰਸਪੈਕਟਰ ਹਰਬੰਸ ਸਿੰਘ ਇੰਚਾਰਜ਼ ਥਾਣਾ ਰਾਮਾਂ ਅਤੇ ਰਵਨੀਤ ਸਿੰਘ ਇੰਚਾਰਜ ਰਿਫਾਇਨਰੀ ਪੁਲਿਸ ਚੌਂਕੀ ਸਮੇਤ ਪੁਲਿਸ ਪਾਰਟੀਆਂ ਹਾਜ਼ਰ ਸਨ।

**ਅਧਿਕਾਰੀਆਂ ਵੱਲੋਂ ਮੁਆਵਜ਼ੇ ਦਾ ਭਰੋਸਾ ਦੇਣ ਤੋਂ ਬਾਅਦ ਪੀੜਤ ਪਰਿਵਾਰਾਂ ਨੇ ਧਰਨਾ ਖਤਮ ਕੀਤਾ**

# ਗੁਰਦੁਆਰਾ ਪ੍ਰਬੰਧਕ ਕਮੇਟੀ ਭਗਤ ਸੈਣ ਜੀ ਸੋਹਲ ਤੇ ਸਮੂਹ ਸਾਧ ਸੰਗਤ ਨੇ ਦੋਦੇ ਪੁਲ ਨਹਿਰ ਤੋਂ ਪਿਡ ਸੋਹਲ ਨੂੰ ਜਾਂਦੀ ਸੜਕ ਦੇ ਕੰਡਿਆਂ ਤੇ ਪਾਈ ਮਿੱਟੀ

## ਸੜਕ ਤੇ ਪੈ ਰਹੇ ਪਾੜ ਕਾਰਣ ਬਰਸਾਤਾਂ ਦੇ ਮੌਸਮ ਵਿਚ ਟੁੱਟ ਸਕਦੀ ਸੀ ਸੜਕ : ਜਥੇਦਾਰ ਤਰਲੋਚਨ



**ਸਰਾਏ ਅਮਾਨਤ ਖਾਂ, 7 ਮਈ (ਆਵਾਜ਼ਿ ਕੌਮ ਬਿਊਰੋ)**-ਦੋਦੇ ਪੁਲ ਨਹਿਰ ਤੋਂ ਪਿਡ ਸੋਹਲ ਨੂੰ ਜਾਂਦੀ ਸੜਕ ਦੇ ਕੰਡਿਆਂ ਤੇ ਪਿੰਡ ਸੋਹਲ ਦੀ ਸਮੂਹ ਸਾਧ ਸੰਗਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਸੈਣ ਭਗਤ ਸੋਹਲ ਵਲੋਂ ਸੜਕ ਤੇ ਮਿੱਟੀ ਪਾਈ ਗਈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਤਰਲੋਚਨ ਸਿੰਘ ਸੋਹਲ ਨੇ ਦੱਸਿਆ ਕਿ ਦੋਦੇ ਪੁਲ ਛਾਪਾ ਤੋਂ ਪਿੰਡ ਸੋਹਲ ਨੂੰ ਜਾਂਦੀ ਸੜਕ ਪਿਛਲੇ ਕੁਝ ਮਹੀਨਿਆਂ ਤੋਂ ਨਹਿਰ ਦੇ ਪੁਲ ਦੇ ਨੇੜੇ ਪਾਣੀ ਦੇ ਵਹਾਉ ਕਾਰਣ ਸੜਕ ਦੇ ਕੰਢੇ ਨਾਲ ਲੱਗੀ ਮਿੱਟੀ ਖੁਰਣ ਨਾਲ ਅੱਧੀ ਸੜਕ ਟੁੱਟ ਗਈ ਸੀ ਜਿਸ ਕਾਰਣ ਆਉਣ ਜਾਣ ਵਾਲੇ ਮੁਸਾਫ਼ਰਾਂ ਨੂੰ ਬੜੀ ਮੁਸ਼ਕਲ ਆ ਰਹੀ ਸੀ ਬਰਸਾਤਾਂ ਦੇ ਮੌਸਮ ਦੌਰਾਨ ਇਹ ਸਾਰੀ ਸੜਕ ਟੁੱਟ ਸਕਦੀ ਸੀ ਤੇ ਪਿੰਡ ਸੋਹਲ ਦਾ ਆਵਾਜਈ ਦਾ ਸਪੰਰਕ ਟੁੱਟ ਸਕਦਾਂ ਸੀ ਤੇ ਸੜਕ ਟੁੱਟਣ ਕਾਰਨ ਨਹਿਰ ਦਾ ਪਾਣੀ ਖੇਤਾਂ ਵਿੱਚ ਆਉਣ ਕਾਰਣ ਫਸਲਾਂ ਦਾ ਵੀ ਭਾਰੀ ਨੁਕਸਾਨ ਹੋ ਸਕਦਾ ਸੀ । ਇਸ ਸੰਬੰਧੀ ਅਸੀਂ ਮਾਣਯੋਗ ਡਿਪਟੀ ਕਮਿਸ਼ਨਰ ਤਰਨਤਾਰਨ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਤੇ ਉਨ੍ਹਾਂ ਕਿਹਾ ਕਿ ਇਸ ਵੱਲ ਜਲਦੀ ਹੀ ਧਿਆਨ ਦਿੱਤਾ ਜਾਵੇਗਾ ਜਦੋਂ ਇਸ ਸਬੰਧੀ ਹਲਕਾ ਵਿਧਾਇਕ ਡਾ ਕਸ਼ਮੀਰ ਸਿੰਘ ਸੋਹਲ ਨੂੰ ਇਸ ਬਾਰੇ ਮਿਲ ਕੇ ਜਾਣਕਾਰੀ ਦਿੱਤੀ ਤਾਂ ਉਨ੍ਹਾਂ ਨੇ ਪਿੰਡ ਸੋਹਲ ਦੇ ਆਮ ਆਦਮੀ ਪਾਰਟੀ ਦੇ ਆਗੂ ਨੂੰ ਮਿਲ਼ਣ ਕਿਹਾ ਤੇ ਅਸੀਂ ਉਨ੍ਹਾਂ ਨੂੰ ਮਿਲ ਕੇ ਇਸ ਮਸਲੇ ਸੰਬੰਧੀ ਜਾਣਕਾਰੀ ਦਿੱਤੀ ਤੇ ਨਹਿਰ ਦੇ ਕੰਢੇ ਤੋਂ ਟੁੱਟ ਰਹੀ ਸੜਕ ਬਾਰੇ ਦੱਸਿਆ ਪਰ ਉਹ ਕਹਿੰਦੇ ਰਹੇ ਕਿ ਜਲਦੀ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਪਰ ਕੋਈ ਗੱਲ ਨਹੀਂ ਬਣੀ । ਇਸ ਲਈ ਪਿੰਡ ਸੋਹਲ ਦੀ ਸਮੂਹ ਸਾਧ ਸੰਗਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਕੀਤੀ ਤੇ ਸਮੂਹ ਸਾਧ ਸੰਗਤ ਸਹਿਯੋਗ ਨਾਲ ਜੇਸੀਬੀ ਮਸ਼ੀਨ ਤੇ ਟਰਾਲੀਆਂ ਲੱਗਾ ਕੇ ਸੜਕ ਦੇ ਕੰਡਿਆਂ ਤੇ ਮਿੱਟੀ ਪਾਈ ਜਾ ਰਹੀ ਹੈ ਉਨ੍ਹਾਂ ਨੇ ਕਿਹਾ ਇਹ ਕਾਰਜ ਅਸੀਂ ਸੰਗਤ ਦੇ ਭਲੇ ਲਈ ਕੀਤਾ ਹੈ ਉਨ੍ਹਾਂ ਦਸਿਆ ਕਿ ਕੱਲ ਕਿਸੇ ਨੇ 112 ਤੇ ਫੋਨ ਕਰਕੇ ਇਹ ਕੰਮ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਵਾਹਿਗੁਰੂ ਜੀ ਦੀ ਕਿਰਪਾ ਨਾਲ ਕੰਮ ਨੇਪਰੇ ਚੜ੍ਹ ਗਿਆ ਹੈ ਅਸੀਂ ਦੱਸਣਾਂ ਚਾਹੁੰਦੇ ਹਾਂ ਸੰਗਤ ਦੇ ਭਲੇ ਦੇ ਕੰਮ ਲਈ ਰਾਜਨੀਤੀ ਨਾ ਕੀਤੀ ਜਾਵੇ। ਇਸ ਮੌਕੇ ਜਥੇਦਾਰ ਤਰਲੋਚਨ ਸਿੰਘ ਸੋਹਲ , ਹਰਦੀਪ ਸਿੰਘ ਬਿੱਟੂ, ਸਰਮੁਖ ਸਿੰਘ, ਪ੍ਰਤਾਪ ਸਿੰਘ, ਬੱਬੂ ਸੰਧੂ, ਸਤਨਾਮ ਸਿੰਘ, ਚੈਚਲ ਸਿੰਘ, ਗੁਰਸਾਹਿਬ ਸਿੰਘ, ਤੇਜਿੰਦਰ ਸਿੰਘ ਆਦਿ ਹੋਰ ਵੀ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

# ਇੰਟਰਨੈਸ਼ਨਲ ਢਾਡੀ ਗਿਆਨੀ ਪੂਰਨ ਸਿੰਘ ਅਰਸੀ ਨੂੰ ਸਦਮਾ ਸਪੁੱਤਰ ਦਾ ਹੋਇਆ ਦੇਹਾਂਤ



**ਚੌਕ ਮਹਿਤਾ, 7 ਮਈ, ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇੰਟਰਨੈਸ਼ਨਲ ਢਾਡੀ ਗਿਆਨੀ ਪੂਰਨ ਸਿੰਘ ਅਰਸੀ ਨੂੰ ਅਤੇ ਲਖਵਿੰਦਰ ਸਿੰਘ ਅਰਸ਼ੀ ਨੂੰ ਬਹੁਤ ਭਾਰੀ ਸਦਮਾ ਪਹੁੰਚਿਆ ਜਦੋਂ ਕਿ ਉਨ੍ਹਾਂ ਦੇ ਸਪੁੱਤਰ ਗਿਆਨੀ ਮਨਜਿੰਦਰ ਸਿੰਘ ਅਰਸ਼ੀ ਦੀ ਅਚਾਨਕ ਅਮਰੀਕਾ ਵਿੱਚ ਮੌਤ ਹੋ ਗਈ। ਇਸ ਦੁੱਖ ਦੀ ਘੜੀ ਵਿੱਚ ਢਾਡੀ ਸਿੰਘ, ਕਵੀਸ਼ਰੀ, ਰਾਗੀ ਜਥੇ, ਪ੍ਰਚਾਰਕ, ਅਤੇ ਧਾਰਮਿਕ ਆਗੂ, ਰਾਜਨੀਤਕ ਨੇ ਪਰਵਾਰ ਦੇ ਨਾਲ ਦੁੱਖ ਸਾਝਾ ਕੀਤਾ ਜਿੰਨਾ ਵਿਚ ਸੰਤ ਮਹਾਂਪੁਰਖ ਬਾਬਾ ਸੱਜਣ ਸਿੰਘ ਬੇਰ ਬਾਬਾ ਗੁਰਦੇਵ ਸਿੰਘ ਕੁਲੀਵਾਲੇ ਬਾਬਾ ਗੁਰਜੀਤ ਸਿੰਘ ਜੀ ਅਤੇ ਢਾਡੀ ਭਾਈ ਬਲਦੇਵ ਸਿੰਘ ਐਮ ਏ ,ਭਾਈ ਲਖਬੀਰ ਸਿੰਘ ਕੋਮਲ ,ਭਾਈ ਗੁਰਪ੍ਰਤਾਪ ਸਿੰਘ ਪਦਮ ,ਭਾਈ ਨਿਰਮਲ ਸਿੰਘ ਜੇਠੂਵਾਲ ,ਭਾਈ ਸਤਨਾਮ ਸਿੰਘ ਲਾਲੂਘੁੰਮਣ ,ਭਾਈ ਨਿਰਲੇਪ ਸਿੰਘ ਜੀ ,ਭਾਈ ਦਲਬੀਰ ਸਿੰਘ ਅਰਸ਼ੀ ,ਭਾਈ ਅਵਤਾਰ ਸਿੰਘ ਮੁਧਲ ,ਭਾਈ ਜਸਵੰਤ ਸਿੰਘ ਕੁਕੇਵਾਲੀ, ਭਾਈ ਅਮਰਜੀਤ ਸਿੰਘ ਭੋਲਾ , ਮਗਰ ਸਿੰਘ ਭਾਈ ਜਗਦੀਸ਼ ਸਿੰਘ ਵਡਾਲਾ ,ਪੱਪੂ ਰਸੂਲ ਪੁਰ , ਅਤੇ ਕੈਨੇਡਾ ਨਿਵਾਸੀ , ਸ੍ਰ ਸਰਵਦੀਪ ਸਿੰਘ ਬਾਠ, ਸ੍ਰ ਗੁਰਿੰਦਰ ਸਿੰਘ ਜੌਹਲ ,ਸ੍ਰ ਰਮਿੰਦਰ ਸਿੰਘ ਹੁਸੈਨਪੁਰੀ , ਸ੍ਰ ਸੁਲੱਖਣ ਸਿੰਘ ਜੀ ਸ੍ਰ ਸੁਰਜੀਤ ਸਿੰਘ ਮੁਧਲ ,ਅਮਰੀਕਾ ਨਿਵਾਸੀ ਸਮੂਹ ਸੰਗਤ ਨਿਊ ਯਾਰਕ ,ਸਮੂਹ ਸੰਗਤ ਕੈਲੇਫੋਰਨੀਆ, ਸਮੂਹ ਸੰਗਤ ਬੇਕਰਸਫੀਲਡ, ਬਾਬਾ ਬਲਵਿੰਦਰ ਸਿੰਘ , ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਭਾਈ ਮਨਜਿੰਦਰ ਸਿੰਘ ਦਾ ਭੋਗ ਅਤੇ ਅੰਤਿਮ ਅਰਦਾਸ 24 ਮਈ 2025 ਦਿਨ ਸ਼ਨੀਵਾਰ ਨੂੰ ਗੁਰਦੁਆਰਾ ਬਾਬਾ ਸੁੱਲਾ ਸਾਹਿਬ ਕਨਵਰ ਰੈਵੀਨਿਊ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਖੇ ਹੋਵੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਭੋਗ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕੀਤੀ ਜਾਵੇ।

# ਐਸਐਮਓ ਤਲਵੰਡੀ ਸਾਬੋ ਵੱਲੋਂ ਪਿੰਡਾਂ ਵਿੱਚ ਸਿਹਤ ਕੇਂਦਰਾਂ ਦਾ ਕੀਤਾ ਦੌਰਾ



**ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)**- ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ ਇਸ ਤਹਿਤ ਐਮਐਲਏ ਤਲਵੰਡੀ ਸਾਬੋ ਪ੍ਰੋ. ਬਲਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ ਤਹਿਤ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵੀ ਕਾਂਤ ਵੱਲੋਂ ਸਿਹਤ ਕੇਂਦਰ ਸ਼ੇਖਪੁਰਾ ਅਤੇ ਮਾਨਸਾ ਕਲਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਮਾਣਯੋਗ ਸਿਹਤ ਮੰਤਰੀ ਵੱਲੋਂ ਦਿੱਤੀਆਂ ਹਦਾਇਤਾਂ ਸਬੰਧੀ ਸਬ ਸੈਂਟਰ ਦੇ ਸਟਾਫ਼ ਨੂੰ ਜ਼ੋਰ ਦੇ ਕੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਆਮ ਲੋਕਾਂ ਦੀ ਭਲਾਈ ਲਈ ਕੀਤੇ ਜਾਂਦੇ ਕੰਮਾਂ ਦੀ ਜਾਣਕਾਰੀ ਵੱਧ ਤੋਂ ਵੱਧ ਲੋਕਾਂ ਨੂੰ ਦਿੱਤੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਟੀਕਾਕਰਣ ਸਮੇਤ ਗਰਭਵਤੀ ਔਰਤਾਂ ਦੀ ਸਿਹਤ ਸੰਭਾਲ ਲਈ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਇਸ ਮੌਕੇ ਸਟਾਫ਼ ਨੂੰ ਮਰੀਜ਼ਾਂ ਅਤੇ ਲਾਭਪਾਤਰੀਆਂ ਨਾਲ ਆਪਣਾ ਵਤੀਰਾ ਨਿਮਰ ਰੱਖਣ ਦੀ ਹਦਾਇਤ ਕੀਤੀ ਅਤੇ ਵਿਭਾਗ ਵੱਲੋਂ ਦਿੱਤੇ ਟੀਚੇ ਪੂਰੇ ਕਰਨ ਦੀ ਸਖ਼ਤ ਹਦਾਇਤ ਕੀਤੀ। ਇਸ ਮੌਕੇ ਐਸਐਮਓ ਵੱਲੋਂ ਆਸ਼ਾ ਵਰਕਰਾਂ ਨੂੰ ਹਦਾਇਤ ਕੀਤੀ ਕਿ ਉਹ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਖੇ ਜਾਪਾ ਕਰਵਾਉਣ ਲਈ ਉਤਸ਼ਾਹਿਤ ਕਰਨ। ਇਸ ਮੌਕੇ ਬਲਾਕ ਐਜੂਕੇਟਰ ਗੁਰਸਿਮਰਤ ਕੌਰ, ਸਿਹਤ ਸੁਪਰਵਾਇਜ਼ਰ ਕੁਲਦੀਪ ਸਿੰਘ, ਸਿਹਤ ਸੁਪਰਵਾਈਜ਼ਰ ਰਾਜਪਾਲ ਕੌਰ, ਸੀਐਚਓ ਅਮਨਦੀਪ ਕੌਰ, ਸੀਐਚਓ ਪ੍ਰਿਤਪਾਲ ਕੌਰ, ਸਿਹਤ ਕਰਮੀ ਪਰਮਜੀਤ ਕੌਰ, ਚਰਨਜੀਤ ਕੌਰ, ਸਤਪਾਲ ਕੌਰ, ਸਿਹਤ ਕਰਮੀ ਰਕੇਸ਼ ਕੁਮਾਰ ਅਤੇ ਰਜੇਸ਼ ਕੁਮਾਰ ਹਾਜਰ ਸਨ।





## ਵਰ੍ਹੇਗੰਢ ਦੀਆਂ ਵਧਾਈਆਂ

ਹਰਪਾਲ ਸਿੰਘ ਪਤਨੀ ਅੰਮ੍ਰਿਤ ਕੌਰ ਵਾਸੀ ਅੰਮ੍ਰਿਤਸਰ ਨੂੰ ਵਿਆਹ ਦੀ 15ਵੀਂ ਵਰ੍ਹੇਗੰਢ ਮੌਕੇ ਬਹੁਤ ਬਹੁਤ ਮੁਬਾਰਕਾਂ ( ਫੋਟੋ ਵੇਰਵਾ-ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243